8-JUNE-PAGE-1.qxd 6/7/2025 10:45 PM Page 1

ਐਤਵਾਰ, 8 ਜੂਨ, 2025
26 ਜੇਠ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 7

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 8 JUNE, 2025
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

# ਭਾਜਪਾ ਬਿਹਾਰ 'ਚ ਵੀ ਮਹਾਰਾਸ਼ਟਰ ਵਾਲਾ ਚੱਕਰ ਚਲਾਏਗੀ : ਰਾਹੁਲ

**ਨਵੀਂ ਦਿੱਲੀ** : ਰਾਹੁਲ ਗਾਂਧੀ ਨੇ ਸਨਿੱਚਰਵਾਰ ਦਾਅਵਾ ਕੀਤਾ ਕਿ ਪਿਛਲੇ ਸਾਲ ਨਵੰਬਰ ਵਿੱਚ ਹੋਈਆਂ ਮਹਾਰਾਸ਼ਟਰ ਅਸੈਂਬਲੀ ਚੋਣਾਂ 'ਚ ਧੋਖਾਧੜੀ ਹੋਈ ਸੀ ਤੇ ਇਸ ਸਾਲ ਦੇ ਅਖੀਰ ਵਿੱਚ ਬਿਹਾਰ ਅਸੈਂਬਲੀ ਚੋਣਾਂ ਵਿੱਚ ਉਹੀ ਕੁਝ ਦੁਹਰਾਇਆ ਜਾਵੇਗਾ। ਉਨ੍ਹਾ ਐੱਕਸ 'ਤੇ ਇੱਕ ਪੋਸਟ 'ਚ 'ਇੰਡੀਅਨ ਐੱਕਸਪ੍ਰੈੱਸ' ਅਖਬਾਰ 'ਚ ਪ੍ਰਕਾਸ਼ਤ ਆਪਣਾ ਮਜ਼ਮੂਨ ਸਾਂਝਾ ਕੀਤਾ ਹੈ, ਜਿਸ ਵਿੱਚ ਮਹਾਰਾਸ਼ਟਰ ਅਸੈਂਬਲੀ ਚੋਣਾਂ 'ਚ ਹੋਈ ਹੇਰਾਫੇਰੀ ਬਾਰੇ ਵਿਸਥਾਰ 'ਚ ਦੱਸਿਆ ਗਿਆ ਹੈ।

ਰਾਹੁਲ ਨੇ ਕਿਹਾ, '2024 ਦੀਆਂ ਮਹਾਰਾਸ਼ਟਰ ਅਸੈਂਬਲੀ ਚੋਣਾਂ ਜਮਹੂਰੀਅਤ ਨਾਲ ਧੋਖਾਧੜੀ ਦਾ ਬਲੂਪ੍ਰਿੰਟ ਸਨ। ਮੇਰਾ ਮਜ਼ਮੂਨ ਦਰਸਾਉਂਦਾ ਹੈ ਕਿ ਕਦਮ-ਦਰ-ਕਦਮ ਇਹ ਕਿਵੇਂ ਹੋਇਆ।' ਰਾਹੁਲ ਨੇ ਪੰਜ-ਨੁਕਾਤੀ ਪ੍ਰਕਿਰਿਆ ਬਾਰੇ ਦੱਸਦਿਆਂ ਕਿਹਾ ਹੈ, 'ਪਹਿਲਾ ਕਦਮ : ਚੋਣ ਕਮਿਸ਼ਨ ਦੀ ਨਿਯੁਕਤੀ ਵਾਲੀ ਕਮੇਟੀ 'ਚ ਹੇਰਾਫੇਰੀ, ਦੂਜਾ ਕਦਮ : ਚੋਣ ਸੂਚੀਆਂ ਵਿਚ ਫਰਜ਼ੀ ਵੋਟਰ ਸ਼ਾਮਲ ਕਰਨਾ, ਤੀਜਾ ਕਦਮ : ਵੋਟਰਾਂ ਦੀ ਗਿਣਤੀ ਵਧਾਉਣਾ, ਚੌਥਾ ਕਦਮ : ਭਾਜਪਾ ਨੂੰ ਜਿੱਥੇ ਜਿੱਤਣ ਦੀ ਲੋੜ ਹੈ, ਉਥੇ ਫਰਜ਼ੀ ਵੋਟਿੰਗ ਨੂੰ ਨਿਸ਼ਾਨਾ ਬਣਾਉਣਾ, ਪੰਜਵਾਂ ਕਦਮ : ਸਬੂਤ ਲੁਕਾਉਣਾ।'

ਰਾਹੁਲ ਨੇ ਧੋਖਾਧੜੀ ਨੂੰ ਮੈਚ ਫਿਕਸਿੰਗ ਕਰਾਰ ਦਿੰਦਿਆਂ ਕਿਹਾ ਹੈ, 'ਇਹ ਸਮਝਣਾ ਔਖਾ ਨਹੀਂ ਹੈ ਕਿ ਭਾਜਪਾ ਮਹਾਰਾਸ਼ਟਰ ਵਿੱਚ ਏਨੀ ਬੇਚੈਨ ਕਿਉਂ ਸੀ, ਪਰ ਹੇਰਾਫੇਰੀ/ਤਿਗਮੜਬਾਜ਼ੀ ਮੈਚ ਫਿਕਸਿੰਗ ਵਾਂਗ ਹੈ—ਧੋਖਾਧੜੀ ਕਰਨ ਵਾਲੀ ਧਿਰ ਖੇਡ ਜਿੱਤ ਸਕਦੀ ਹੈ, ਪਰ ਸੰਸਥਾਵਾਂ ਨੂੰ ਨੁਕਸਾਨ ਪਹੁੰਚਾਏਗੀ ਅਤੇ ਚੋਣ ਨਤੀਜਿਆਂ ਵਿੱਚ ਲੋਕਾਂ ਦੇ ਭਰੋਸੇ ਨੂੰ ਢਾਹ ਲਾਏਗੀ। ਸਾਰੇ ਸੰਬੰਧਤ ਭਾਰਤੀਆਂ ਨੂੰ ਸਬੂਤ ਦੇਖਣੇ ਚਾਹੀਦੇ ਹਨ। ਖੁਦ ਫੈਸਲਾ ਕਰੋ। ਜਵਾਬ ਮੰਗੋ।'

ਰਾਹੁਲ ਨੇ ਚੇਤਾਵਨੀ ਦਿੱਤੀ ਹੈ ਕਿ ਮਹਾਰਾਸ਼ਟਰ ਦੀ 'ਮੈਚ ਫਿਕਸਿੰਗ' ਅੱਗੇ ਬਿਹਾਰ (ਜਿੱਥੇ ਇਸ ਸਾਲ ਦੇ ਅੰਤ ਵਿੱਚ ਚੋਣਾਂ ਹੋਣੀਆਂ ਹਨ) ਅਤੇ ਉਨ੍ਹਾਂ ਥਾਵਾਂ 'ਤੇ ਨਜ਼ਰ ਆਏਗੀ, ਜਿੱਥੇ ਭਾਜਪਾ ਚੋਣਾਂ ਹਾਰ ਰਹੀ ਹੈ। ਮੈਚ-ਫਿਕਸਿੰਗ ਵਾਲੀਆਂ ਚੋਣਾਂ ਕਿਸੇ ਵੀ ਜਮਹੂਰੀਅਤ ਲਈ ਜ਼ਹਿਰ ਹਨ।

ਮਹਾਰਾਸ਼ਟਰ ਅਸੈਂਬਲੀ ਚੋਣਾਂ 2024 ਵਿੱਚ ਭਾਜਪਾ ਦੀ ਅਗਵਾਈ ਵਾਲੇ ਮਹਾਯੁਤੀ ਗੱਠਜੋੜ ਨੇ 235 ਸੀਟਾਂ ਨਾਲ ਭਾਰੀ ਜਿੱਤ ਪ੍ਰਾਪਤ ਕੀਤੀ ਸੀ। ਨਤੀਜੇ ਭਾਜਪਾ ਲਈ ਇੱਕ ਮਹੱਤਵਪੂਰਨ ਮੀਲ ਪੱਥਰ ਸਨ, ਜੋ 132 ਸੀਟਾਂ ਨਾਲ ਸਭ ਤੋਂ ਵੱਡੀ ਪਾਰਟੀ ਵਜੋਂ ਉਭਰੀ। ਮਹਾਯੁਤੀ ਗੱਠਜੋੜ ਦਾ ਹਿੱਸਾ ਸ਼ਿਵ ਸੈਨਾ ਅਤੇ ਰਾਸ਼ਟਰਵਾਦੀ ਕਾਂਗਰਸ ਪਾਰਟੀ ਨੇ ਵੀ ਕ੍ਰਮਵਾਰ 57 ਅਤੇ 41 ਸੀਟਾਂ ਜਿੱਤੀਆਂ। ਮਹਾਂ ਵਿਕਾਸ ਅਘਾੜੀ ਨੂੰ ਵੱਡਾ ਝਟਕਾ ਲੱਗਾ, ਜਦੋਂ ਕਾਂਗਰਸ ਸਿਰਫ 16 ਸੀਟਾਂ ਜਿੱਤ ਸਕੀ। ਇਸ ਦੇ ਗੱਠਜੋੜ ਭਾਈਵਾਲ, ਸ਼ਿਵ ਸੈਨਾ (ਯੂ ਬੀ ਟੀ) ਨੇ 20 ਸੀਟਾਂ ਜਿੱਤੀਆਂ, ਜਦੋਂ ਕਿ ਐੱਨ ਸੀ ਪੀ (ਸ਼ਰਦ ਪਵਾਰ ਧੜਾ) ਸਿਰਫ 10 ਸੀਟਾਂ ਹੀ ਜਿੱਤ ਸਕਿਆ।

ਭਾਰਤੀ ਚੋਣ ਕਮਿਸ਼ਨ ਨੇ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਤੋਂ ਬਾਅਦ ਕਾਂਗਰਸ ਪਾਰਟੀ ਵੱਲੋਂ ਜਤਾਏ ਗਏ ਫਿਕਰਾਂ ਦਰਮਿਆਨ ਵੋਟਰ ਮਤਦਾਨ ਬਾਰੇ ਗਲਤ ਧਾਰਨਾਵਾਂ ਨੂੰ ਦੂਰ ਕੀਤਾ ਸੀ। ਕਾਂਗਰਸ ਪਾਰਟੀ ਨੂੰ ਆਪਣੇ ਵਿਸਥਾਰਤ ਜਵਾਬ ਵਿੱਚ ਸਿਖਰਲੀ ਚੋਣ ਸੰਸਥਾ ਨੇ ਚੋਣਾਂ ਦੌਰਾਨ ਵੋਟਰ ਮਤਦਾਨ ਡੇਟਾ ਦੇ ਇਕੱਠੇ ਕਰਨ ਦੇ ਪਿੱਛੇ ਦੀ ਪ੍ਰਕਿਰਿਆ ਬਾਰੇ ਦੱਸਿਆ ਸੀ।

ਇਸੇ ਦੌਰਾਨ ਭਾਜਪਾ ਨੇ ਰਾਹੁਲ ਗਾਂਧੀ ਵੱਲੋਂ ਲਾਏ ਦੋਸ਼ਾਂ ਨੂੰ ਸ਼ਰਮਨਾਕ ਕਰਾਰ ਦਿੱਤਾ ਹੈ। ਭਾਜਪਾ ਆਗੂ ਤੁਹਿਨ ਸਿਨਹਾ ਨੇ ਕਿਹਾ, 'ਰਾਹੁਲ ਗਾਂਧੀ ਦੇਸ਼ ਦੀਆਂ ਸੰਸਥਾਵਾਂ ਨੂੰ ਬਦਨਾਮ ਕਰਨ ਦੀਆਂ ਆਪਣੀਆਂ ਘਿਣਾਉਣੀਆਂ ਹਰਕਤਾਂ ਤੋਂ ਬਾਜ਼ ਨਹੀਂ ਆ ਰਹੇ। ਇਨ੍ਹਾਂ ਮੁੱਦਿਆਂ ਨੂੰ ਚੋਣ ਕਮਿਸ਼ਨ ਵੱਲੋਂ ਵਾਰ-ਵਾਰ ਪੂਰੇ ਵਿਸਥਾਰ ਵਿੱਚ ਸੰਬੋਧਤ ਕੀਤਾ ਗਿਆ ਹੈ।' ਸਿਨਹਾ ਨੇ ਕਿਹਾ, 'ਇਹ ਆਮ ਪ੍ਰਕਿਰਿਆ ਹੈ। ਕਰਨਾਟਕ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵੀ ਇਸੇ ਤਰ੍ਹਾਂ ਦਾ ਅਮਲ ਅਪਣਾਇਆ ਗਿਆ ਸੀ, ਜਿਸ ਵਿੱਚ ਕਾਂਗਰਸ ਜਿੱਤੀ ਸੀ। ਇਸ ਤੋਂ ਇਲਾਵਾ ਰਾਹੁਲ ਗਾਂਧੀ ਨੇ ਖੁਦ ਵੱਖ-ਵੱਖ ਸਮੇਂ 'ਤੇ ਵੱਖ-ਵੱਖ ਅੰਕੜਿਆਂ ਦਾ ਹਵਾਲਾ ਦਿੱਤਾ ਹੈ।'

ਰਾਹੁਲ ਗਾਂਧੀ ਵੱਲੋਂ ਮਹਾਰਾਸ਼ਟਰ ਚੋਣਾਂ ਵਿੱਚ ਹੇਰਾਫੇਰੀ ਦੇ ਲਗਾਏ ਗਏ ਦੋਸ਼ਾਂ ਨੂੰ ਚੋਣ ਕਮਿਸ਼ਨ ਨੇ ਬੇਬੁਨਿਆਦ ਕਰਾਰ ਦਿੱਤਾ ਹੈ। ਚੋਣ ਕਮਿਸ਼ਨ ਨੇ ਇੱਕ ਬਿਆਨ ਵਿਚ ਕਿਹਾ, 'ਮਹਾਰਾਸ਼ਟਰ ਦੀਆਂ ਵੋਟਰ ਸੂਚੀਆਂ ਬਾਰੇ ਲਗਾਏ ਗਏ ਬੇਬੁਨਿਆਦ ਦੋਸ਼ ਕਾਨੂੰਨ ਦੇ ਸ਼ਾਸਨ ਦਾ ਅਪਮਾਨ ਹਨ। ਚੋਣ ਕਮਿਸ਼ਨ ਨੇ 24 ਦਸੰਬਰ 2024 ਨੂੰ ਕਾਂਗਰਸ ਨੂੰ ਦਿੱਤੇ ਆਪਣੇ ਜਵਾਬ ਵਿੱਚ ਇਹ ਸਾਰੇ ਤੱਥ ਸਾਹਮਣੇ ਲਿਆਂਦੇ ਸਨ, ਜੋ ਕਿ ਚੋਣ ਕਮਿਸ਼ਨ ਦੀ ਵੈੱਬਸਾਈਟ 'ਤੇ ਵੀ ਉਪਲੱਬਧ ਹੈ। ਅਜਿਹਾ ਜਾਪਦਾ ਹੈ ਕਿ ਇਨ੍ਹਾਂ ਸਾਰੇ ਤੱਥਾਂ ਨੂੰ ਪੂਰੀ ਤਰ੍ਹਾਂ ਅਣਦੇਖਿਆ ਕੀਤਾ ਜਾ ਰਿਹਾ ਹੈ ਅਤੇ ਅਜਿਹੇ ਮੁੱਦੇ ਵਾਰ-ਵਾਰ ਉਠਾਏ ਜਾ ਰਹੇ ਹਨ।

ਗਲਤ ਜਾਣਕਾਰੀ ਫੈਲਾਉਣਾ ਕਾਨੂੰਨ ਦਾ ਨਿਰਾਦਰ ਹੈ ਅਤੇ ਬਦਨਾਮ ਕਰਨ ਦੀਆਂ ਪੂਰੀ ਤਰ੍ਹਾਂ ਬੇਤੁਕੀਆਂ ਕੋਸ਼ਿਸ਼ਾਂ ਹਨ।' ਬਿਆਨ ਵਿਚ ਹੋਰ ਕਿਹਾ ਗਿਆ ਹੈ, 'ਕਿਸੇ ਵੀ ਵਿਅਕਤੀ ਵੱਲੋਂ ਫੈਲਾਈ ਜਾ ਰਹੀ ਕੋਈ ਵੀ ਗਲਤ ਜਾਣਕਾਰੀ ਨਾ ਸਿਰਫ ਕਾਨੂੰਨ ਪ੍ਰਤੀ ਨਿਰਾਦਰ ਦੀ ਨਿਸ਼ਾਨੀ ਹੈ, ਸਗੋਂ ਉਨ੍ਹਾਂ ਦੀ ਆਪਣੀ ਸਿਆਸੀ ਪਾਰਟੀ ਵੱਲੋਂ ਨਿਯੁਕਤ ਕੀਤੇ ਗਏ ਹਜ਼ਾਰਾਂ ਪ੍ਰਤੀਨਿਧੀਆਂ ਦੀ ਬਦਨਾਮੀ ਵੀ ਕਰਦੀ ਹੈ ਅਤੇ ਚੋਣਾਂ ਦੌਰਾਨ ਅਣਥੱਕ ਅਤੇ ਪਾਰਦਰਸ਼ੀ ਢੰਗ ਨਾਲ ਕੰਮ ਕਰਨ ਵਾਲੇ ਲੱਖਾਂ ਚੋਣ ਸਟਾਫ ਨੂੰ ਨਿਰਾਸ਼ ਕਰਦੀ ਹੈ।'

## ਸੋਨੀਆ ਦੀ ਤਬੀਅਤ ਵਿਗੜੀ

**ਸ਼ਿਮਲਾ** : ਕਾਂਗਰਸ ਆਗੂ ਸੋਨੀਆ ਗਾਂਧੀ ਨੂੰ ਸਨਿੱਚਰਵਾਰ ਅਚਾਨਕ ਸਿਹਤ ਵਿਗੜਨ ਕਾਰਨ ਸ਼ਿਮਲਾ ਦੇ ਇੰਦਰਾ ਗਾਂਧੀ ਮੈਡੀਕਲ ਕਾਲਜ/ਹਸਪਤਾਲ ਲਿਜਾਇਆ ਗਿਆ। ਉਨ੍ਹਾ ਦੇ ਕਈ ਤਰ੍ਹਾਂ ਦੇ ਟੈਸਟ ਕੀਤੇ ਜਾ ਰਹੇ ਹਨ। ਉਹ ਤਿੰਨ ਦਿਨ ਪਹਿਲਾਂ ਇੱਥੇ ਆਏ ਸਨ। ਸਿਹਤ ਨਾਸਾਜ਼ ਹੋਣ ਵੇਲੇ ਉਹ ਇੱਥੋਂ 12 ਕਿੱਲੋਮੀਟਰ ਦੂਰ ਸੈਲਾਨੀ ਕੇਂਦਰ ਮਸ਼ੋਬਰਾ ਨੇੜੇ ਚਾਰਬਰਾ ਵਿਖੇ ਆਪਣੀ ਧੀ ਪ੍ਰਿਅੰਕਾ ਵਾਡਰਾ ਗਾਂਧੀ ਦੇ ਘਰ ਰਹਿ ਰਹੇ ਸਨ।

## ਗੋਲਡੀ ਬਰਾੜ ਸਣੇ ਪੰਜ ਖਿਲਾਫ ਚਾਰਜਸ਼ੀਟ ਦਾਖਲ

**ਨਵੀਂ ਦਿੱਲੀ** : ਕੌਮੀ ਜਾਂਚ ਏਜੰਸੀ (ਐੱਨ ਆਈ ਏ) ਨੇ 2024 ਵਿੱਚ ਗੁਰੂਗ੍ਰਾਮ ਦੇ ਦੋ ਕਲੱਬਾਂ 'ਤੇ ਹੋਏ ਬੰਬ ਹਮਲਿਆਂ ਨਾਲ ਸੰਬੰਧਤ ਮਾਮਲੇ ਵਿੱਚ ਕੈਨੇਡਾ ਰਹਿੰਦੇ ਖਾਲਿਸਤਾਨੀ ਅੱਤਵਾਦੀ ਗੋਲਡੀ ਬਰਾੜ ਸਮੇਤ ਪੰਜ ਮੁਲਜ਼ਮਾਂ ਨੂੰ ਚਾਰਜਸ਼ੀਟ ਕੀਤਾ ਹੈ। ਉਸ ਨੇ ਸ਼ੁੱਕਰਵਾਰ ਪੰਚਕੂਲਾ ਦੀ ਇੱਕ ਅਦਾਲਤ ਵਿੱਚ ਦਾਇਰ ਆਪਣੀ ਫਰਦ ਜੁਰਮ ਵਿੱਚ ਭਾਰਤੀ ਨਿਆਏ ਸੰਹਿਤਾ, ਅਸਲਾ ਐਕਟ, ਵਿਸਫੋਟਕ ਪਦਾਰਥ ਐਕਟ ਅਤੇ ਗੈਰ-ਕਾਨੂੰਨੀ ਸਰਗਰਮੀਆਂ (ਰੋਕਥਾਮ) ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਸਤਿੰਦਰਜੀਤ ਸਿੰਘ ਉਰਫ ਗੋਲਡੀ ਬਰਾੜ, ਸਚਿਨ ਤਲਿਆਨ, ਅੰਕਿਤ, ਭਾਵਿਸ਼ ਅਤੇ ਅਮਰੀਕਾ ਸਥਿਤ ਰਣਦੀਪ ਸਿੰਘ ਉਰਫ ਰਣਦੀਪ ਮਲਿਕ ਨੂੰ ਨਾਮਜ਼ਦ ਕੀਤਾ ਹੈ। ਬਰਾੜ ਅਤੇ ਮਲਿਕ ਨੂੰ ਛੱਡ ਕੇ ਬਾਕੀ ਸਾਰਿਆਂ ਨੂੰ ਇਸ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਐੱਨ ਆਈ ਏ ਨੇ ਮੁਲਜ਼ਮਾਂ ਨੂੰ ਹਰਿਆਣਾ ਦੇ ਗੁਰੂਗ੍ਰਾਮ ਦੇ ਸੈਕਟਰ 29 ਵਿੱਚ ਵੇਅਰ ਹਾਊਸ ਕਲੱਬ ਅਤੇ ਹਿਊਮਨ ਕਲੱਬ ਨੂੰ ਬੰਬਾਂ ਨਾਲ ਨਿਸ਼ਾਨਾ ਬਣਾਉਣ ਦੀ ਸਾਜ਼ਿਸ਼ ਵਿੱਚ ਸ਼ਾਮਲ ਪਾਇਆ ਸੀ। ਐੱਨ ਆਈ ਏ ਮੁਤਾਬਕ ਇਹ ਹਮਲੇ ਬੱਬਰ ਖਾਲਸਾ ਇੰਟਰਨੈਸ਼ਨਲ ਦੀ ਹਿੱਸਾ ਫੈਲਾ ਕੇ ਹਰਿਆਣਾ ਅਤੇ ਗੁਆਂਢੀ ਖੇਤਰਾਂ ਵਿੱਚ ਫਿਰਕੂ ਤਣਾਅ ਫੈਲਾਉਣ ਤੇ ਸ਼ਾਂਤੀ ਭੰਗ ਕਰਨ ਦੀ ਵੱਡੀ ਸਾਜ਼ਿਸ਼ ਦਾ ਹਿੱਸਾ ਸੀ। ਇਹ ਹਮਲੇ 10 ਦਸੰਬਰ, 2024 ਨੂੰ ਕੀਤੇ ਗਏ ਸਨ।

# ਮੋਦੀ ਸਰਕਾਰ 'ਅਪ੍ਰੇਸ਼ਨ ਸਿੰਧੂਰ' ਦੇ ਨਾਂਅ 'ਤੇ ਸਿਆਸੀ ਰੋਟੀਆਂ ਸੇਕਣੀਆਂ ਬੰਦ ਕਰੇ : ਅਰਸ਼ੀ

### ਸ਼ਹੀਦ ਕਾਮਰੇਡ ਅਮੋਲਕ ਸਿੰਘ ਔਲਖ ਤੇ ਛੇ ਹੋਰ ਸਾਥੀਆਂ ਨੂੰ 34ਵੀਂ ਬਰਸੀ ਮੌਕੇ ਕੀਤਾ ਯਾਦ

**ਪੰਜਗਰਾਈਂ/ਕੋਟਕਪੂਰਾ (ਰਛਪਾਲ ਭੁੱਲਰ)**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਭਾਜਪਾ ਸੌੜੇ ਸਿਆਸੀ ਹਿੱਤਾਂ ਲਈ ਲਗਾਤਾਰ ਅਪ੍ਰੇਸ਼ਨ ਸਿੰਧੂਰ ਦਾ ਰਾਗ ਅਲਾਪਣ ਤੇ ਮੁੜ ਜੰਗੀ ਮਾਹੌਲ ਸਿਰਜਣ ਲਈ ਯਤਨਸ਼ੀਲ ਹਨ। ਸਭ ਨੂੰ ਪਤਾ ਹੈ ਕਿ ਜੰਗਾਂ ਆਮ ਮਨੁੱਖਾਂ ਦੀ ਤਬਾਹੀ ਦਾ ਹੀ ਕਾਰਨ ਬਣਦੀਆਂ ਹਨ ਤੇ ਇਸ ਦਾ ਲਾਭ ਕੇਵਲ ਹਥਿਆਰ ਬਣਾਉਣ ਵਾਲੀਆਂ ਕੰਪਨੀਆਂ ਤੇ ਰਾਜ-ਸੱਤਾ 'ਤੇ ਕਾਬਜ਼ ਹਾਕਮਾਂ ਨੂੰ ਹੀ ਹੁੰਦਾ ਹੈ। ਭਾਰਤ ਤੇ ਪਾਕਿਸਤਾਨ ਦੋਵੇਂ ਪਰਮਾਣੂ ਸ਼ਕਤੀਆਂ ਹਨ ਤੇ ਦੋਵੇਂ ਪਾਸੇ ਪਾਗਲ ਲੋਕਾਂ ਦੀ ਵੀ ਕਮੀ ਨਹੀਂ। ਜੰਗ ਅਣਕਿਆਸੀ ਬਰਬਾਦੀ ਦਾ ਕਾਰਨ ਬਣ ਸਕਦੀ ਹੈ, ਇਸ ਲਈ ਦੋਵੇਂ ਦੇਸ਼ ਦੁਪਾਸੜ ਗੱਲਬਾਤ ਕਰਕੇ ਮਸਲੇ ਦਾ ਹੱਲ ਕਰ ਸਕਦੇ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਦੇਸ਼ ਦੀ ਏਕਤਾ, ਅਖੰਡਤਾ ਦੀ ਰਾਖੀ ਲਈ ਹੋਏ ਸ਼ਹੀਦ ਸਾਥੀ ਅਮੋਲਕ ਸਿੰਘ ਔਲਖ ਤੇ ਉਨ੍ਹਾ ਦੇ ਛੇ ਸਾਥੀਆਂ ਦੀ 34ਵੀਂ ਬਰਸੀ ਮੌਕੇ ਜੁੜੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਤੇ ਸਾਬਕਾ ਵਿਧਾਇਕ ਹਰਦੇਵ ਅਰਸ਼ੀ ਨੇ ਕੀਤਾ। ਉਹਨਾ ਕਿਹਾ ਕਿ ਪੰਜਾਬ ਦੀ ਅਮਨ ਕਾਨੂੰਨ ਦੀ ਸਥਿਤੀ ਬਹੁਤ ਤਰਸਯੋਗ ਬਣੀ ਹੋਈ ਹੈ, ਕਿਸੇ ਦੀ ਜਾਨ-ਮਾਲ ਸੁਰੱਖਿਅਤ ਨਹੀਂ, ਹਰ ਤਰ੍ਹਾਂ ਦਾ ਮਾਫੀਆ ਅਨਸਰ ਸਰਕਾਰ 'ਤੇ ਭਾਰੂ ਹੋ ਰਿਹਾ ਹੈ, ਪੰਜਾਬ ਖੁੱਲ੍ਹੀ ਜੇਲ੍ਹ ਬਣ ਗਿਆ ਹੈ ਤੇ ਪੁਲਸ ਰਾਜ ਸਥਾਪਤ ਹੋ ਚੁੱਕਾ ਹੈ। ਪੁਲਸ ਦੀ ਮਾਨਸਿਕਤਾ ਅਪਰਾਧੀ ਹੋ ਚੁੱਕੀ ਹੈ। ਕੇਂਦਰ ਸਰਕਾਰ ਦੀ ਤਰਜ਼ 'ਤੇ ਪੰਜਾਬ ਵਿੱਚ ਵੀ ਲੋਕ ਸੰਘਰਸ਼ਾਂ ਨੂੰ ਜਾਬਰ ਤਰੀਕਿਆਂ ਨਾਲ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਹਨਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਜਨ-ਸਧਾਰਨ ਨੂੰ ਅਪੀਲ ਕੀਤੀ ਕਿ ਵਿਸ਼ਾਲ ਏਕਤਾ ਅਤੇ ਤਿੱਖੇ ਘੋਲ ਸਮੇਂ ਦੀ ਬਣਦੀ ਲੋੜ ਹੈ ਤੇ ਇਹੀ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਇਸ ਤੋਂ ਪਹਿਲਾਂ 7 ਜੂਨ 1991 ਨੂੰ ਕਾਮਰੇਡ ਅਮੋਲਕ ਸਿੰਘ ਔਲਖ ਦੇ ਨਾਲ ਸ਼ਹੀਦ ਕੀਤੇ ਗਏ ਬਲਜੀਤ ਸਿੰਘ ਔਲਖ, ਲਛਮਣ ਸਿੰਘ, ਹੈੱਡ ਕਾਂਸਟੇਬਲ ਮਹਿੰਦਰ ਸਿੰਘ, ਲਾਲ ਸਿੰਘ, ਨਛੱਤਰ ਸਿੰਘ ਅਤੇ ਮੁਖਤਿਆਰ ਸਿੰਘ ਦੀ ਨਿੱਘੀ ਯਾਦ ਵਿੱਚ ਕਿਰਤ ਦੀ ਲਹਿਰ ਦਾ ਪ੍ਰਤੀਕ ਲਾਲ ਝੰਡਾ ਜਗਤਾਰ ਸਿੰਘ ਭਾਣਾ ਸਾਬਕਾ ਸਰਪੰਚ, ਸ਼ਾਮ ਸੁੰਦਰ ਫਰੀਦਕੋਟ, ਹਰਦੇਵ ਸਿੰਘ ਅਰਸ਼ੀ ਅਤੇ ਬਹੁਤ ਸਾਰੇ ਹੋਰ ਸਾਥੀਆਂ ਵੱਲੋਂ ਨਾਹਰਿਆਂ ਦੀ ਗੂੰਜ ਵਿੱਚ ਲਹਿਰਾਇਆ ਗਿਆ। ਗੁਰਨਾਮ ਸਿੰਘ ਮਾਨੀ ਸਿੰਘ ਵਾਲਾ ਕਾਰਜਕਾਰੀ ਸਕੱਤਰ, ਜਗਸੀਰ ਸਿੰਘ ਖੋਸਾ ਅਤੇ ਗੋਰਾ ਪਿਪਲੀ ਨਰੇਗਾ ਮਜ਼ਦੂਰਾਂ ਦੇ ਆਗੂ, ਸੁਖਜਿੰਦਰ ਸਿੰਘ ਤੂੰਬੜਭੰਨ ਕੁੱਲ ਹਿੰਦ ਕਿਸਾਨ ਸਭਾ, ਕੁਲਦੀਪ ਭੋਲਾ ਜ਼ਿਲ੍ਹਾ ਸਕੱਤਰ ਸੀ ਪੀ ਆਈ ਮੋਗਾ, ਗੁਰਦੀਪ ਸਿੰਘ ਨਿਹਾਲ ਸਿੰਘ ਵਾਲਾ ਮੈਂਬਰ ਕੰਟਰੋਲ ਕਮਿਸ਼ਨ, ਮਨਜੀਤ ਕੌਰ ਨੱਥੇਵਾਲਾ, ਪੈਨਸ਼ਨਰ ਆਗੂ ਪ੍ਰੇਮ ਚਾਵਲਾ, ਗੁਰਚਰਨ ਸਿੰਘ ਮਾਨ, ਹਰਪਾਲ ਮਚਾਕੀ, ਇੰਦਰਜੀਤ ਸਿੰਘ ਗਿੱਲ, ਗੁਰਮੀਤ ਸਿੰਘ ਸਕੱਤਰ ਸੀ ਪੀ ਆਈ ਬਲਾਕ ਬਾਘਾ ਪੁਰਾਣਾ, ਠਾਕੁਰ ਸਿੰਘ ਮਾਨ, ਅਸ਼ਵਨੀ ਕੁਮਾਰ ਸੀ ਪੀ ਆਈ ਐੱਮ ਫਰੀਦਕੋਟ ਆਦਿ ਨੇ ਵੀ ਸੰਬੋਧਨ ਕਰਦੇ ਹੋਏ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

ਬੁਲਾਰਿਆਂ ਨੇ ਪੰਜਾਬ ਸਰਕਾਰ 'ਤੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਸ਼ਹਿਰੀਕਰਨ ਦੇ ਨਾਂਅ 'ਤੇ ਲੈਂਡ ਪੂਲਿੰਗ ਪਾਲਸੀ ਲਿਆ ਕੇ ਪ੍ਰਾਪਰਟੀ ਡੀਲਰ ਬਣੀ ਨਜ਼ਰ ਆਉਂਦੀ ਹੈ ਅਤੇ ਪੰਜਾਬ ਦੀ ਉਪਜਾਊ ਜ਼ਮੀਨ ਲਗਾਤਾਰ ਘਟ ਰਹੀ ਹੈ। ਸਰਕਾਰ ਦੀ ਨਵੀਂ • ਬਾਕੀ ਸਫਾ 2 'ਤੇ

## ਖੁਸ਼ਖਤ



**ਕਠਮੰਡੂ** : ਨੇਪਾਲ ਦੀ ਪ੍ਰਕ੍ਰਿਤੀ ਮੱਲਾ ਨੂੰ ਖੂਬਸੂਰਤ ਹੈਂਡਰਾਈਟਿੰਗ ਲਈ ਯੂ ਏ ਈ ਦੇ ਦੂਤਘਰ ਨੇ ਸਨਮਾਨਤ ਕੀਤਾ ਹੈ। ਕਾਗਜ਼ 'ਤੇ ਮੋਤ

8-JUNE-PAGE-1.qxd 6/7/2025 10:46 PM Page 2



## ਵਣ ਮੰਡਲ ਪਟਿਆਲਾ ਨੇ ਵਿਸ਼ਵ ਵਾਤਾਵਰਣ ਦਿਵਸ ਮਨਾਇਆ

**ਪਟਿਆਲਾ (ਰਾਜਿੰਦਰ ਸਿੰਘ ਬਿੰਦ)**-ਪਟਿਆਲਾ ਵਣ ਮੰਡਲ ਨੇ ਕ੍ਰਿਸ਼ੀ ਵਿਗਿਆਨ ਕੇਂਦਰ ਵਿਖੇ ਵਿਸ਼ਵ ਵਾਤਾਵਰਣ ਦਿਵਸ ਮਨਾਇਆ।ਵਣ ਮੰਡਲ ਅਫ਼ਸਰ ਪਟਿਆਲਾ ਗੁਰਅਮਨਪ੍ਰੀਤ ਸਿੰਘ ਨੇ ਦੱਸਿਆ ਕਿ ਵਿਸ਼ਵ ਵਾਤਾਵਰਨ ਦਿਵਸ ਮੌਕੇ ਕੇਂਦਰੀ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਤੇ ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਬੂਟੇ ਲਾ ਕੇ ਵੱਧ ਤੋਂ ਵੱਧ ਬੂਟੇ ਲਾਉਣ ਤੇ ਉਨ੍ਹਾਂ ਦੀ ਸੰਭਾਲ ਕਰਨ ਦਾ ਸੁਨੇਹਾ ਦਿੱਤਾ।ਵਣ ਮੰਡਲ ਅਫ਼ਸਰ ਪਟਿਆਲਾ ਗੁਰਅਮਨਪ੍ਰੀਤ ਸਿੰਘ ਨੇ ਦੱਸਿਆ ਕਿ ਵਿਸ਼ਵ ਵਾਤਾਵਰਣ ਦਿਵਸ ਹਰ ਸਾਲ 5 ਜੂਨ ਨੂੰ ਮਨਾਇਆ ਜਾਂਦਾ ਹੈ ਅਤੇ ਇਹ ਦਿਨ ਸਾਨੂੰ ਕੁਦਰਤ ਪ੍ਰਤੀ ਸਾਡੀ ਜ਼ਿੰਮੇਵਾਰੀ ਦੀ ਯਾਦ ਦਿਵਾਉਂਦਾ ਹੈ।ਉਨ੍ਹਾਂ ਕਿਹਾ ਕਿ ਵਿਸ਼ਵ ਵਾਤਾਵਰਨ ਦਿਵਸ ਦਾ ਇਸ ਸਾਲ ਦਾ ਥੀਮ 'ਪਲਾਸਟਿਕ ਪ੍ਰਦੂਸ਼ਣ ਖ਼ਤਮ ਕਰੋ' ਹੈ।ਉਨ੍ਹਾਂ ਕਿਹਾ ਕਿ ਪਟਿਆਲਾ ਵਾਸੀਆਂ ਨੂੰ ਵੱਧ ਤੋਂ ਵੱਧ ਬੂਟੇ ਲਗਾਉਣ ਲਈ ਪ੍ਰੇਰਿਤ ਕੀਤਾ ਜਾਵੇਗਾ ਓਥੇ ਪਲਾਸਟਿਕ ਦੇ ਪ੍ਰਦੂਸ਼ਣ ਨੂੰ ਖ਼ਤਮ ਕਰਨ ਲਈ ਵੀ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਮਾਨਸੂਨ ਸੀਜ਼ਨ ਦੌਰਾਨ ਆਮ ਲੋਕਾਂ ਤੇ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਬੂਟੇ ਲਾਉਣ ਦੀ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ।ਉਨ੍ਹਾਂ ਕਿਹਾ ਕਿ ਪ੍ਰਦੂਸ਼ਣ ਮੁਕਤ ਤੇ ਸਿਹਤਮੰਦ ਵਾਤਾਵਰਣ ਸਿਰਜਣ ਲਈ ਵੱਧ ਤੋਂ ਵੱਧ ਬੂਟੇ ਲਗਾ ਕੇ ਹਰਿਆ-ਭਰਿਆ ਚੌਗਿਰਦਾ ਬਣਾਉਣਾ ਹਰੇਕ ਇਨਸਾਨ ਦਾ ਫ਼ਰਜ਼ ਹੈ।

## ਜਗਰਾਉਂ ਟ੍ਰੈਫਿਕ ਪੁਲਸ ਵੱਲੋਂ ਸ਼ਹਿਰ ਅੰਦਰ ਸਖ਼ਤ ਨਾਕਾਬੰਦੀ

**ਜਗਰਾਉਂ (ਸੰਜੀਵ ਅਰੋੜਾ)**-ਪੁਲਸ ਜ਼ਿਲ੍ਹਾ ਲੁਧਿਆਣਾ ਦਿਹਾਤੀ ਦੇ ਐੱਸ ਐੱਸ ਪੀ ਡਾਕਟਰ ਅੰਕੁਰ ਗੁਪਤਾ ਵੱਲੋਂ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ 'ਤੇ ਸਖ਼ਤੀ ਕੀਤੀ ਗਈ ਹੈ। ਡੀ ਐੱਸ ਪੀ ਗੋਪਾਲ ਕ੍ਰਿਸ਼ਨ ਦੀ ਅਗਵਾਈ ਹੇਠ ਟ੍ਰੈਫਿਕ ਪੁਲਸ ਨੇ ਜਗਰਾਉਂ ਅੰਦਰ ਸਖ਼ਤ ਕਾਰਵਾਈ ਕੀਤੀ। ਜਗਰਾਉਂ ਟ੍ਰੈਫਿਕ ਇੰਚਾਰਜ ਕੁਮਾਰ ਸਿੰਘ ਦੀ ਅਗਵਾਈ ਹੇਠ ਏਐੱਸਆਈ ਮਹਿੰਦਰ ਕੁਮਾਰ, ਸੀਨੀਅਰ ਕਾਂਸਟੇਬਲ ਹਰਵਿੰਦਰ ਸਿੰਘ ਵੱਲੋਂ ਮੇਨ ਬੱਸ ਸਟੈਂਡ ਚੌਕ ਨਾਕਾਬੰਦੀ ਕੀਤੀ ਗਈ। ਇਸ ਮੌਕੇ ਵਹੀਕਲਾਂ ਦੀ ਚੈਕਿੰਗ ਕੀਤੀ ਗਈ, ਜਿਨ੍ਹਾਂ ਵਹੀਕਲਾਂ ਦੇ ਨੰਬਰ ਪਲੇਟ (ਹਾਈ ਸਕਿਉਰਟੀ ਨੰਬਰ ਪਲੇਟ) ਨਹੀਂ ਲੱਗੀ ਸੀ, ਉਸ ਦਾ ਚਲਾਨ ਕੀਤਾ ਗਿਆ। ਇਸ ਮੌਕੇ ਫੇਸ ਕਵਰ, ਤਿੰਨ ਸਵਾਰ, ਘੱਟ ਉਮਰ ਦੇ ਬੱਚਿਆਂ ਦਾ ਵਹੀਕਲ ਚਲਾਉਣਾ ਤੇ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਕੀਤੀ ਗਈ। ਟ੍ਰੈਫਿਕ ਪੁਲਸ ਵੱਲੋਂ 40 ਦੇ ਕਰੀਬ ਚਲਾਨ ਮੋਟਰ ਵਹੀਕਲ ਐਕਟ ਦੇ ਤਹਿਤ ਕੀਤੇ ਗਏ। ਗੱਲਬਾਤ ਦੌਰਾਨ ਟ੍ਰੈਫਿਕ ਇੰਚਾਰਜ ਕੁਮਾਰ ਸਿੰਘ ਨੇ ਦੱਸਿਆ ਕਿ ਸ਼ਹਿਰ ਵਿੱਚ ਗੱਡੀਆਂ ਦੀ ਗਲਤ ਪਾਰਕਿੰਗ ਨਾ ਕੀਤੀ ਜਾਵੇ, ਗੱਡੀਆਂ ਨੂੰ ਰਸਤੇ ਵਿੱਚ ਨਾ ਖੜਾ ਕੀਤਾ ਜਾਵੇ, ਰੇਹੜੀ ਫੜੀ ਵਾਲਿਆਂ ਨੂੰ ਵੀ ਸੰਦੇਸ਼ ਦਿੱਤਾ ਕਿ ਬਾਜ਼ਾਰ ਵਿੱਚ ਨਾ ਖੜੀਆਂ ਕੀਤੀਆਂ ਜਾਣ। ਉਨ੍ਹਾਂ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਆਪਣੀਆਂ ਦੁਕਾਨਾਂ ਦਾ ਸਾਮਾਨ ਆਪਣੀ ਦੁਕਾਨ ਦੀ ਹਦੂਦ ਦੇ ਅੰਦਰ ਹੀ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਇਸੇ ਤਰ੍ਹਾਂ ਨਾਕਾਬੰਦੀ ਜਾਰੀ ਰਹੇਗੀ।

## ਜੂਨ '84 ਦੇ ਸ਼ਹੀਦਾਂ ਦੀ ਯਾਦ 'ਚ ਕਥਾ ਸਮਾਗਮ ਕਰਵਾਇਆ

**ਸੰਗਰੂਰ (ਪ੍ਰਵੀਨ ਸਿੰਘ)**-ਸਥਾਨਕ ਗੁਰਦੁਆਰਾ ਹਰਿਗੋਬਿੰਦਪੁਰਾ ਵਿਖੇ ਪ੍ਰਬੰਧਕ ਕਮੇਟੀ ਵੱਲੋਂ ਜੂਨ 1984 ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ ਵਿੱਚ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਜਗਤਾਰ ਸਿੰਘ ਪ੍ਰਧਾਨ, ਹਰਪ੍ਰੀਤ ਸਿੰਘ ਪ੍ਰੀਤ ਸੀਨੀਅਰ ਮੀਤ ਪ੍ਰਧਾਨ, ਕੁਲਵੀਰ ਸਿੰਘ ਖਜ਼ਾਨਚੀ ਦੀ ਦੇਖ-ਰੇਖ ਹੇਠ ਹੋਏ ਇਸ ਸਮਾਗਮ ਦੌਰਾਨ ਭਾਈ ਸਤਵਿੰਦਰ ਸਿੰਘ ਭੋਲਾ ਹੈੱਡ ਗ੍ਰੰਥੀ ਦੀ ਨਿਗਰਾਨੀ ਹੇਠ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਭਾਈ ਮਨਪ੍ਰੀਤ ਸਿੰਘ ਕਣਕਵਾਲ ਭੰਗੂਆਂ ਨੇ ਕਥਾ ਵਿਚਾਰ ਕਰਦਿਆਂ ਸ੍ਰੀ ਗੁਰੂ ਤੇਗ ਬਹਾਦਰ ਦੀ ਲਾਸਾਨੀ ਸ਼ਹਾਦਤ ਤੇ 1984 ਜੂਨ ਦੇ ਘੱਲੂਘਾਰੇ ਦਾ ਇਤਿਹਾਸ ਵਰਨਣ ਕੀਤਾ। ਭਾਈ ਗੁਰਧਿਆਨ ਸਿੰਘ ਹਜ਼ੂਰੀ ਰਾਗੀ ਨੇ ਬੀਰ ਰਸ ਭਰਪੂਰ ਕੀਰਤਨ ਕਰਕੇ ਸੰਗਤਾਂ ਵਿੱਚ ਜੋਸ਼ ਭਰ ਦਿੱਤਾ। ਭਾਈ ਮਨਪ੍ਰੀਤ ਸਿੰਘ ਨੂੰ ਪ੍ਰਬੰਧਕ ਕਮੇਟੀ ਵੱਲੋਂ ਜਗਤਾਰ ਸਿੰਘ, ਹਰਪ੍ਰੀਤ ਸਿੰਘ ਪ੍ਰੀਤ, ਕੁਲਵੀਰ ਸਿੰਘ, ਹਮੀਰ ਸਿੰਘ, ਸੁਰਿੰਦਰ ਪਾਲ ਸਿੰਘ ਸਿਦਕੀ, ਸੁਖਪਾਲ ਸਿੰਘ ਗਰੇਵਾਲ, ਭਾਈ ਗੁਰਪ੍ਰੀਤ ਸਿੰਘ ਰਾਮਪੁਰਾ ਕਾਰਜਕਾਰੀ ਪ੍ਰਧਾਨ ਗੁਰਮਤਿ ਪ੍ਰਚਾਰਕ ਰਾਗੀ ਗ੍ਰੰਥੀ ਸਭਾ ਨੇ ਸਨਮਾਨਤ ਕੀਤਾ। ਸਹਿਯੋਗੀਆਂ ਨੂੰ ਭਾਈ ਸਤਵਿੰਦਰ ਸਿੰਘ ਭੋਲਾ ਨੇ ਸਿਰੋਪਾਓ ਦੇ ਕੇ ਸਨਮਾਨਤ ਕੀਤਾ। ਸੁਰਿੰਦਰ ਪਾਲ ਸਿੰਘ ਸਿਦਕੀ ਨੇ ਸੰਗਤਾਂ ਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ।

## ਹਠੂਰ ਪੰਚਾਇਤ ਵੱਲੋਂ ਛੱਪੜ ਦੀ ਸਫਾਈ ਦਾ ਕੰਮ ਆਰੰਭ

**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਸਥਾਨਕ ਕਸਬਾ ਹਠੂਰ ਗ੍ਰਾਮ ਪੰਚਾਇਤ, ਐੱਨ.ਆਰ.ਆਈ. ਵੀਰਾਂ ਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਨੌਜਵਾਨ ਸਰਪੰਚ ਜਸਕਮਲਪ੍ਰੀਤ ਸਿੰਘ ਨਿੱਪਾ ਵੱਲੋਂ ਪਿੰਡ ਦੇ ਛੱਪੜ ਦੀ ਸਫਾਈ ਦਾ ਕੰਮ ਸ਼ੁਰੂ ਕੀਤਾ ਹੋਇਆ ਹੈ ਅਤੇ ਇਕ ਮਹੀਨੇ ਤੋਂ ਲਗਾਤਾਰ ਕੰਮ ਜਾਰੀ ਹੈ। ਗੱਲਬਾਤ ਕਰਦਿਆਂ ਸਰਪੰਚ ਨਿੱਪਾ ਹਠੂਰ ਨੇ ਦੱਸਿਆ ਕਿ ਪਿਛਲੇ ਕਈ ਸਾਲਾਂ ਤੋਂ ਇਸ ਛੱਪੜ ਦੀ ਸਫਾਈ ਨਾ ਹੋਣ ਕਰਕੇ ਪਿੰਡ ਵਾਸੀਆਂ ਨੂੰ ਭਾਰੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਸੀ ਅਤੇ ਜਦੋਂ ਬਰਸਾਤ ਹੁੰਦੀ ਸੀ ਤਾਂ ਰਾਹਾਂ ਵਿੱਚ ਪਾਣੀ ਭਰ ਜਾਣ ਕਰਕੇ ਪਿੰਡ ਵਾਸੀਆਂ, ਰਾਹਗੀਰਾਂ ਤੇ ਦੁਕਾਨਦਾਰਾਂ ਲਈ ਮੁਸ਼ਕਲ ਖੜੀ ਹ�ो ਜਾਂਦੀ ਸੀ। ਉਨ੍ਹਾਂ ਕਿਹਾ ਕਿ ਪਿੰਡ ਵਾਸੀਆਂ ਦੀ ਵੱਡੀ ਮੰਗ ਪੰਚਾਇਤ ਨੇ ਪਸ਼ੂ ਹਸਪਤਾਲ ਬਣਾ ਕੇ ਪਹਿਲਾਂ ਹੀ ਪੂਰੀ ਕਰ ਦਿੱਤੀ ਹੈ ਅਤੇ ਹੁਣ ਪਿੰਡ ਵਾਸੀਆਂ ਦੀ ਚਿਰੋਕਣੀ ਮੰਗ ਛੱਪੜ ਦੀ ਸਫਾਈ ਦਾ ਕੰਮ ਆਰੰਭ ਦਿੱਤਾ ਹੈ। ਇਹ ਕਾਰਜ ਮੁਕੰਮਲ ਹੋਣ 'ਤੇ ਪਿੰਡ ਵਾਸੀਆਂ ਨੂੰ ਰਾਹਤ ਮਿਲੇਗੀ। ਉਨ੍ਹਾਂ ਕਿਹਾ ਕਿ ਇਸ ਕਾਰਜ ਲਈ ਪਿੰਡ ਵਾਸੀਆਂ ਤੇ ਐੱਨ.ਆਰ.ਆਈ. ਵੀਰਾਂ ਦਾ ਵੱਡਾ ਸਹਿਯੋਗ ਹੈ ਅਤੇ ਸਮੂਹ ਗ੍ਰਾਮ ਪੰਚਾਇਤ ਵੱਲੋਂ ਉਨ੍ਹਾਂ ਦਾ ਧੰਨਵਾਦ ਕੀਤਾ ਜਾਂਦਾ ਹੈ। ਇਸ ਮੌਕੇ ਸਰਪੰਚ ਜਸਕਮਲਪ੍ਰੀਤ ਸਿੰਘ ਨਿੱਪਾ ਹਠੂਰ, ਗੁਰਜੰਟ ਸਿੰਘ ਖਾਲਸਾ ਹੈੱਡ ਗ੍ਰੰਥੀ ਗੁਰਦੁਆਰਾ ਪਾਤਸ਼ਾਹੀ ਛੇਵੀਂ, ਨੰਬਰਦਾਰ ਮੇਹਰਦੀਪ ਸਿੰਘ, ਪੰਚ ਅਮਨਦੀਪ ਸਿੰਘ ਅੰਮੂ, ਮੁਖਤਿਆਰ ਸਿੰਘ ਪੰਚ, ਰਣਜੋਧ ਸਿੰਘ, ਪਾਲਾ ਸਿੰਘ, ਜਗਜੀਤ ਸਿੰਘ, ਹਰਮੀਤ ਸਿੰਘ ਮੀਤਾ, ਬੱਬੂ ਪੰਡਤ, ਸ਼ਮਸ਼ੇਰ ਸਿੰਘ, ਹਰਪ੍ਰੀਤ ਸਿੰਘ, ਅਮਨਪ੍ਰੀਤ ਸਿੰਘ, ਦੀਪਾ ਪੰਚ, ਜਗਦੀਸ ਸਿੰਘ, ਜਗਦੇਵ ਸਿੰਘ ਬੱਬੂ, ਜਗਦੀਪ ਸਿੰਘ ਆਦਿ (ਸਾਰੇ ਪੰਚ), ਪਾਲ ਸਿੰਘ ਨੰਬਰਦਾਰ, ਬਲਵਿੰਦਰ ਸਿੰਘ, ਕਰਮਜੀਤ ਸਿੰਘ, ਕਮਲਦੀਪ ਸਿੰਘ ਆਦਿ ਹਾਜ਼ਰ ਸਨ।

## ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ ਅਧੀਨ ਸਿੰਧ ਬੈਂਕ ਨੇ ਮ੍ਰਿਤਕ ਕਿਸਾਨ ਦੇ ਵਾਰਸ ਨੂੰ ਦਿੱਤੀ ਬੀਮਾ ਰਾਸ਼ੀ

**ਭੀਖੀ (ਧਰਮਵੀਰ ਸ਼ਰਮਾ)**-ਬੀਤੇ 26 ਅਪ੍ਰੈਲ ਨੂੰ ਨੇੜਲੇ ਪਿੰਡ ਹਮੀਰਗੜ੍ਹ ਢੈਪਈ ਵਿਖੇ ਕਣਕ ਦੀ ਨਾੜ ਨੂੰ ਲੱਗੀ ਅੱਗ ਦੀ ਚਪੇਟ ਵਿੱਚ ਆਉਣ ਕਾਰਨ ਮਾਰੇ ਗਏ ਕਿਸਾਨ ਜਗਸੀਰ ਸਿੰਘ ਦੇ ਵਾਰਿਸਾਂ ਨੂੰ ਪੰਜਾਬ ਐਂਡ ਸਿੰਧ ਬੈਂਕ ਬਰਾਂਚ ਭੀਖੀ ਵੱਲੋਂ 2 ਲੱਖ ਰੁਪਏ ਦੀ ਬੀਮਾ ਰਾਸ਼ੀ ਦੇ ਕੇ ਵਿੱਤੀ ਮਦਦ ਕੀਤੀ ਗਈ। ਇਸ ਮੌਕੇ ਬੈਂਕ ਦੇ ਜ਼ੋਨਲ ਮੈਨੇਜਰ ਬਠਿੰਡਾ ਅਮਿਤ ਨਾਗਰ ਨੇ ਦੱਸਿਆ ਕਿ ਮ੍ਰਿਤਕ ਕਿਸਾਨ ਜਗਸੀਰ ਸਿੰਘ ਦਾ ਬੈਂਕ ਦੀ ਸਥਾਨਕ ਬਰਾਂਚ ਵਿੱਚ ਖਾਤਾ ਸੀ ਤੇ ਉਸ ਦਾ ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ ਤਹਿਤ 20 ਰੁਪਏ ਸਾਲਾਨਾ ਪ੍ਰੀਮੀਅਮ ਦਾ ਬੀਮਾ ਕੀਤਾ ਹੋਇਆ ਸੀ। ਉਸ ਦੀ ਅੱਗ ਦੀ ਲਪੇਟ ਵਿੱਚ ਆਉਣ ਕਾਰਨ ਹੋਈ ਮੌਤ 'ਤੇ ਬੈਂਕ ਵੱਲੋਂ ਤੈਅਸ਼ੁਦਾ ਨਿਯਮਾਂ ਤਹਿਤ 2 ਲੱਖ ਰੁਪਏ ਦੀ ਰਾਸ਼ੀ ਉਸ ਦੇ ਵਾਰਿਸ ਨੂੰ ਦਿੱਤੀ ਗਈ। ਇਸ ਮੌਕੇ ਉਨ੍ਹਾਂ ਕਿਹਾ ਕਿ ਬੈਂਕ ਵੱਲੋਂ ਆਪਣੇ ਗਾਹਕਾਂ ਦੀ ਸਹੂਲਤ ਲਈ ਭਾਰਤ ਸਰਕਾਰ ਦੀਆਂ ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ, ਪ੍ਰਧਾਨ ਮੰਤਰੀ ਜੀਵਨ ਜਯੋਤੀ ਬੀਮਾ ਯੋਜਨਾ ਤੇ ਅਟੱਲ ਪੈਨਸ਼ਨ ਯੋਜਨਾ ਤਹਿਤ ਵੱਖ ਵੱਖ ਵਿੱਤੀ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ, ਪ੍ਰੰਤੂ ਕਈ ਵਾਰ ਗਾਹਕਾਂ ਨੂੰ ਜਾਗਰੂਕਤਾ ਦੀ ਅਣਹੋਂਦ ਕਾਰਨ ਉਹ ਕੇਂਦਰ ਸਰਕਾਰ ਵੱਲੋਂ ਮੁਹੱਈਆ ਕਰਵਾਈਆਂ ਜਾ ਰਹੀਆਂ ਯੋਜਨਾਵਾਂ ਦਾ ਲਾਭ ਲੈਣ ਤੋਂ ਵਾਂਝੇ ਰਹਿ ਜਾਂਦੇ ਹਨ ਅਤੇ ਬੈਂਕ ਵੱਲੋਂ ਗਾਹਕਾਂ ਨੂੰ ਜਾਗਰੂਕ ਕਰਨ ਲਈ ਵੱਖ ਵੱਖ ਤਰ੍ਹਾਂ ਦੇ ਪ੍ਰੋਗਰਾਮ ਵੀ ਉਲੀਕੇ ਜਾਂਦੇ ਹਨ। ਇਸ ਮੌਕੇ ਮ੍ਰਿਤਕ ਦੇ ਵਾਰਿਸ ਹਰਦੀਪ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਦਾ ਖਾਤਾ ਇਸ ਬੈਂਕ ਵਿੱਚ ਸੀ ਤੇ ਉਨ੍ਹਾਂ ਨੇ ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ ਤਹਿਤ ਬੀਮਾ ਕਰਵਾਇਆ ਸੀ ਅਤੇ ਅੱਜ ਬੈਂਕ ਵੱਲੋਂ ਉਨ੍ਹਾਂ ਨੂੰ 2 ਲੱਖ ਰੁਪਏ ਦੀ ਬੀਮਾ ਰਾਸ਼ੀ ਦਿੱਤੀ ਗਈ। ਇਸ ਮੌਕੇ ਬਰਾਂਚ ਮੈਨੇਜਰ ਸਾਹਿਲ ਗਰਗ, ਸਹਾਇਕ ਮੈਨੇਜਰ ਸਾਰਿਕਾ ਤਾਇਲ, ਸਹਾਇਕ ਮੈਨੇਜਰ ਰਮਨਦੀਪ ਕੌਰ, ਕੈਸ਼ੀਅਰ ਗੁਰਵਿੰਦਰ ਸਿੰਘ, ਗੁਰਦੀਪ ਸਿੰਘ, ਕਰਮ ਸਿੰਘ ਨੰਬਰਦਾਰ, ਬਲਵਿੰਦਰ ਸਿੰਘ ਨੰਬਰਦਾਰ ਸਮਾਉਂ ਹਾਜ਼ਰ ਸਨ।

## ਬਕਰੀਦ ਦੀ ਕੁਰਬਾਨੀ ਦੀਆਂ ਜੜ੍ਹਾਂ ਹਜ਼ਰਤ ਇਬਰਾਹਿਮ ਦੀ ਪ੍ਰੀਖਿਆ ਨਾਲ ਜੁੜੀਆਂ : ਮੌਲਾਨਾ ਜ਼ਾਹਿਦ

**ਫਰੀਦਕੋਟ (ਐਲਿਗਜ਼ੈਂਡਰ ਡਿਸੂਜਾ)**

ਬਕਰੀਦ ਯਾਨੀ ਈਦ-ਉਲ-ਅਜ਼ਹਾ ਮੁਸਲਮਾਨਾਂ ਦਾ ਇੱਕ ਵੱਡਾ ਤਿਉਹਾਰ ਹੈ ਜੋ ਸਾਨੂੰ ਅੱਲ੍ਹਾ ਦੇ ਹੁਕਮ 'ਤੇ ਸਭ ਕੁਝ ਕੁਰਬਾਨ ਕਰਨ ਦੀ ਪਰੰਪਰਾ ਦੀ ਯਾਦ ਦਿਵਾਉਂਦਾ ਹੈ।ਅੱਜ ਮੁਸਲਿਮ ਵੈੱਲਫੇਅਰ ਸੋਸਾਇਟੀ ਫਰੀਦਕੋਟ ਦੀ ਰਹਿਨੁਮਾਈ ਹੇਠ ਈਦ-ਉਲ-ਅਜ਼ਹਾ ਯਾਨੀ ਬਕਰੀਦ ਦਾ ਤਿਉਹਾਰ ਸਥਾਨਕ ਸਰਕੂਲਰ ਰੋਡ 'ਤੇ ਸਥਿਤ ਈਦਗਾਹ ਵਿਖੇ ਮਨਾਇਆ ਗਿਆ।ਇਸ ਮੌਕੇ ਮੌਲਾਨਾ ਜ਼ਾਹਿਦ ਨੇ ਈਦਗਾਹ 'ਚ ਨਮਾਜ਼ ਅਦਾ ਕੀਤੀ ਤੇ ਡਾ. ਗਾਜ਼ੀ ਉਜ਼ੈਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਹਾਜ਼ਰ ਮੁਸਲਿਮ ਭਾਈਚਾਰੇ ਨੇ ਇੱਕ ਦੂਜੇ ਨਾਲ ਬਕਰੀਦ ਦੀ ਖੁਸ਼ੀਆਂ ਸਾਂਝੀਆਂ ਕੀਤੀ ਤੇ ਇੱਕ ਦੂਜੇ ਨੂੰ ਗੱਲ ਲੱਗ ਕੇ ਈਦ ਮੁਬਾਰਕ ਕਿਹਾ।ਇਸ ਮੌਕੇ ਮੌਲਾਨਾ ਜ਼ਾਹਿਦ ਨੇ ਦੱਸਿਆ ਕਿ ਬਕਰੀਦ ਦੀ ਕੁਰਬਾਨੀ ਦੀਆਂ ਜੜ੍ਹਾਂ ਹਜ਼ਰਤ ਇਬਰਾਹਿਮ ਦੀ ਪ੍ਰੀਖਿਆ ਨਾਲ ਜੁੜੀਆਂ ਹੋਈਆਂ ਹਨ, ਜਦੋਂ ਇਬਰਾਹਿਮ ਤੋਂ ਖੁਦਾ ਨੇ ਉਸ ਦੇ ਪੁੱਤਰ ਇਸਮਾਈਲ ਦੀ ਕੁਰਬਾਨੀ ਮੰਗੀ ਸੀ ਤਾਂ ਹਜ਼ਰਤ ਇਬਰਾਹਿਮ ਨੇ ਬਿਨਾਂ ਕਿਸੇ ਝਿਜਕ ਦੇ ਆਪਣੇ ਪੁੱਤਰ ਦੀ ਕੁਰਬਾਨੀ ਦੇਣ ਦਾ ਫੈਸਲਾ ਕੀਤਾ, ਪਰ ਜਦੋਂ ਉਨ੍ਹਾਂ ਨੇ ਕੁਰਬਾਨੀ ਲਈ ਛੁਰੇ ਦੀ ਵਰਤੋਂ ਕੀਤੀ, ਤਾਂ ਰੱਬ ਨੇ ਆਪਣੇ ਪੁੱਤਰ ਦੀ ਬਜਾਏ ਇੱਕ ਦੁੰਬਾ (ਭੇਡਾਂ ਦੀ ਨਸਲ ਦਾ ਜਾਨਵਰ) ਭੇਜਿਆ ਅਤੇ ਉਸ ਲੇਲੇ ਦੀ ਕੁਰਬਾਨੀ ਦਿੱਤੀ ਗਈ।ਇਹ ਘਟਨਾ ਇਹ ਸੰਦੇਸ਼ ਦਿੰਦੀ ਹੈ ਕਿ ਜਦੋਂ ਕੋਈ ਸੱਚੇ ਦਿਲ ਤੇ ਨੇਕ ਇਰਾਦੇ ਨਾਲ ਰੱਬ ਦੇ ਰਾਹ ਵਿੱਚ ਕੁਝ ਦਿੰਦਾ ਹੈ, ਤਾਂ ਰੱਬ ਉਨ੍ਹਾਂ ਨੂੰ ਨਿਰਾਸ਼ ਨਹੀਂ ਕਰਦਾ।ਇਸਲਾਮ ਦੇ ਮਾਹਿਰ ਕਹਿੰਦੇ ਹਨ ਕਿ ਬਕਰੀਦ ਸਿਰਫ਼ ਇੱਕ ਰਸਮ ਜਾਂ ਤਿਉਹਾਰ ਨਹੀਂ ਹੈ, ਸਗੋਂ ਇਹ ਦੱਸਦਾ ਹੈ ਕਿ ਇਨਸਾਨ ਨੂੰ ਰੱਬ ਦੇ ਰਾਹ ਵਿੱਚ ਸਭ ਕੁਝ ਕੁਰਬਾਨ ਕਰਨ ਦਾ ਜਨੂੰਨ ਹੋਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਜਾਨਵਰ ਦੀ ਕੁਰਬਾਨੀ ਦੇਣ ਤੋਂ ਪਹਿਲਾਂ ਆਪਣੀ ਨੀਅਤ, ਹੰਕਾਰ, ਲਾਲਚ ਤੇ ਨਫ਼ਰਤ ਦੀ ਕੁਰਬਾਨੀ ਦੇਣੀ ਜ਼ਰੂਰੀ ਹੈ।ਇਹ ਸੱਚੇ ਵਿਸ਼ਵਾਸ ਦੀ ਪਛਾਣ ਹੈ।ਇਸ ਮੌਕੇ ਮੌਲਾਨਾ ਜ਼ਾਹਿਦ, ਡਾ. ਗਾਜ਼ੀ ਉਜ਼ੈਰ, ਅਨੀਸ਼ ਕੁਰੈਸ਼ੀ, ਮੁੰਨਾ ਖਾਨ ਮਨਸੂਰੀ, ਆਸਿਫ਼ ਹੁਸੈਨ, ਮੁਹੰਮਦ ਇਕਬਾਲ, ਅਕਬਰ ਅਲੀ, ਰਾਸ਼ਿਦ, ਸਲੀਮ, ਇਜ਼ਰਾਈਲ ਤੇ ਮੁਸਲਿਮ ਵੈੱਲਫੇਅਰ ਸੋਸਾਇਟੀ ਫਰੀਦਕੋਟ ਦੇ ਬਹੁ-ਗਿਣਤੀ ਮੈਂਬਰ ਤੇ ਮੁਸਲਿਮ ਭਾਈਚਾਰਾ ਹਾਜ਼ਰ ਸੀ।

## ਚੰਗੀ ਸਿਹਤ ਤੇ ਤੰਦਰੁਸਤੀ ਲਈ ਵਾਤਾਵਰਣ ਦੀ ਸੰਭਾਲ ਜ਼ਰੂਰੀ : ਡਾ. ਮਨਜੀਤ ਕੌਰ

**ਬੁਢਲਾਡਾ (ਅਸ਼ੋਕ ਲਾਕੜਾ)**-ਚੰਗੀ ਸਿਹਤ ਤੇ ਤੰਦਰੁਸਤੀ ਲਈ ਵਾਤਾਵਰਣ ਦੀ ਸੰਭਾਲ ਕਰਨਾ ਅਤਿ ਜ਼ਰੂਰੀ ਹੈ। ਇਨ੍ਹਾਂ ਵਿਚਾਰਾਂ ਦ

8 Jun Page-3.qxd 6/7/2025 10:55 PM Page 1



# ਤਸਕਰੀ ਨੈੱਟਵਰਕ ਦਾ ਪਰਦਾਫ਼ਾਸ਼; 8 ਪਿਸਤੌਲਾਂ ਸਮੇਤ 2 ਗ੍ਰਿਫ਼ਤਾਰ

**ਅੰਮ੍ਰਿਤਸਰ (ਨਰਿੰਦਰਜੀਤ ਸਿੰਘ)**- ਕਾਊਂਟਰ ਇੰਟੈਲੀਜੈਂਸ (ਸੀਆਈ) ਅੰਮ੍ਰਿਤਸਰ ਨੇ ਪਾਕਿਸਤਾਨ ਸਮਰਥਿਤ ਗੈਰ-ਕਾਨੂੰਨੀ ਹਥਿਆਰ ਤਸਕਰੀ ਮਾਡਿਊਲ ਦਾ ਪਰਦਾਫਾਸ਼ ਕਰਦਿਆਂ ਇਸਦੇ ਦੋ ਕਾਰਕੁੰਨਾਂ ਨੂੰ ਗ੍ਰਿਫ਼ਤਾਰ ਕੀਤਾ।ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਸ਼ੁੱਕਰਵਾਰ ਨੂੰ ਦਿੱਤੀ।ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਅੰਮ੍ਰਿਤਸਰ ਦੇ ਦਾਓਕੇ ਦੇ ਰਹਿਣ ਵਾਲੇ ਸੁਖਚੈਨ ਸਿੰਘ ਅਤੇ ਅੰਮ੍ਰਿਤਸਰ ਦੇ ਪਿੰਡ ਭਕਨਾ ਕਲਾਂ ਦੇ ਰਹਿਣ ਵਾਲੇ ਜੁਗਰਾਜ ਸਿੰਘ ਵਜੋਂ ਹੋਈ ਹੈ। ਪੁਲਸ ਟੀਮਾਂ ਨੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਅੱਠ ਆਧੁਨਿਕ ਪਿਸਤੌਲ - ਜਿਨ੍ਹਾਂ ਵਿੱਚ ਤਿੰਨ 9 ਐੱਮਐੱਮ ਗਲੋਕ, ਚਾਰ ਪੀਐੱਕਸ5, ਅਤੇ ਇੱਕ .30 ਬੋਰ ਪਿਸਤੌਲ ਸ਼ਾਮਲ ਹਨ, ਬਰਾਮਦ ਕਰਨ ਤੋਂ ਇਲਾਵਾ ਖੇਪਾਂ ਦੀ ਡਲਿਵਰੀ ਲਈ ਵਰਤੇ ਜਾ ਰਹੇ ਉਨ੍ਹਾਂ ਦੇ ਕਾਲੇ ਸਪਲੈਂਡਰ ਮੋਟਰਸਾਈਕਲ (ਪੀਬੀ02ਡੀਸੀ 1197) ਨੂੰ ਵੀ ਜ਼ਬਤ ਕੀਤਾ ਹੈ।ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਪਾਕਿਸਤਾਨ ਸਥਿਤ ਤਸਕਰ ਨੂਰ ਜੋ ਪਾਕਿਸਤਾਨ ਦੇ ਮਨਿਹਾਲਾ ਦਾ ਰਹਿਣ ਵਾਲਾ ਹੈ ਅਤੇ ਸਰਹੱਦ ਪਾਰੋਂ ਹਥਿਆਰਾਂ ਦੀ ਖੇਪ ਪਹੁੰਚਾਉਣ ਲਈ ਡਰੋਨ ਦੀ ਵਰਤੋਂ ਕਰਦਾ ਸੀ, ਦੇ ਨਿਰਦੇਸ਼ਾਂ ਹੇਠ ਕੰਮ ਕਰ ਰਹੇ ਸਨ।ਉਨ੍ਹਾਂ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਸੂਬੇ ਵਿੱਚ ਅਪਰਾਧਿਕ ਗਤੀਵਿਧੀਆਂ ਨੂੰ ਅੰਜਾਮ ਦੇਣ ਦੇ ਇਰਾਦੇ ਨਾਲ ਪੰਜਾਬ ਦੇ ਗੈਂਗਸਟਰਾਂ ਨੂੰ ਅੱਗੇ ਹਥਿਆਰ ਵੰਡ ਰਹੇ ਸਨ।

# ਅੰਡਰ/ਓਵਰ ਬਰਿੱਜ ਬਣਾਉਣ ਦੀ ਮੰਗ ਨੂੰ ਲੈ ਕੇ ਦਸਤਖਤੀ ਮੁਹਿੰਮ ਸ਼ੁਰੂ

● *ਰੇਲਵੇ ਫਾਟਕ ਲੰਮਾ ਸਮਾਂ ਬੰਦ ਰਹਿਣ ਕਾਰਨ ਇਲਾਕੇ ਦੇ ਲੋਕ ਹੁੰਦੇ ਨੇ ਪ੍ਰੇਸ਼ਾਨ : ਨਵਨੀਤ ਵਿੱਜ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਸ਼ਹਿਰ ਧਾਰੀਵਾਲ ਵਿੱਚ ਰੇਲਵੇ ਫਾਟਕ 'ਤੇ ਅੰਡਰ ਬਰਿੱਜ ਜਾਂ ਓਵਰ ਬਰਿੱਜ ਬਣਾਉਣ ਦੀ ਮੰਗ ਨੂੰ ਲੈ ਕੇ ਭਾਜਪਾ ਦੇ ਸੀਨੀਅਰ ਆਗੂ ਨਵਨੀਤ ਵਿੱਜ ਦੀ ਅਗਵਾਈ ਹੇਠ ਭਾਜਪਾ ਯੁਵਾ ਮੋਰਚਾ ਦੇ ਸਾਥੀਆਂ ਨੇ ਸ਼ਹਿਰ 'ਚ ਦਸਤਖਤੀ ਮੁਹਿੰਮ ਸ਼ੁਰੂ ਕੀਤੀ ਹੈ। ਇਸ ਮੁਹਿੰਮ ਤਹਿਤ ਉਨ੍ਹਾਂ ਨੇ ਮਿਸ਼ਨ ਹਸਪਤਾਲ ਧਾਰੀਵਾਲ ਰੋਡ ਉਪਰ ਰੇਲਵੇ ਫਾਟਕ ਕੋਲ ਅਤੇ ਹੋਰ ਥਾਂਵਾਂ 'ਤੇ ਲੋਕਾਂ ਦੇ ਦਸਤਖਤ ਕਰਵਾਏ। ਇਸ ਮੌਕੇ ਭਾਜਪਾ ਆਗੂ ਨਵਨੀਤ ਵਿੱਜ ਅਤੇ ਸਾਥੀਆਂ ਨੇ ਦੱਸਿਆ ਕਿ ਅੰਮ੍ਰਿਤਸਰ-ਪਠਾਨਕੋਟ ਰੇਲਵੇ ਮਾਰਗ ਦਾ ਕੇਂਦਰ ਬਿੰਦੂ ਸ਼ਹਿਰ ਧਾਰੀਵਾਲ ਰੇਲਵੇ ਲਾਈਨ ਦੇ ਦੋਵੇਂ ਪਾਸੇ ਵਸਿਆ ਹੋਇਆ ਹੈ। ਰੇਲਵੇ ਲਾਈਨ ਉਪਰ ਸ਼ਹਿਰ ਦੇ ਤਿੰਨ ਫਾਟਕ (ਮਾਡਲ ਟਾਊਨ, ਮਿਸ਼ਨ ਹਸਪਤਾਲ ਧਾਰੀਵਾਲ ਅਤੇ ਫਤਿਹਨੰਗਲ ਰੋਡ) ਮੇਨ ਹਨ, ਜਿਥੋਂ ਦੀ ਸ਼ਹਿਰ ਵਾਸੀਆਂ ਸਮੇਤ ਇਲਾਕੇ ਦੇ ਦਰਜਨਾਂ ਪਿੰਡਾਂ ਦੇ ਲੋਕਾਂ ਦਾ ਆਉਣਾ ਜਾਣਾ ਲਗਾਤਾਰ ਰਹਿਦਾ ਹੈ ਪਰ ਰੇਲ ਗੱਡੀਆਂ ਆਉਣ ਜਾਣ ਕਾਰਨ ਵੱਖ-ਵੱਖ ਸਮੇਂ 'ਤੇ ਕਾਫੀ ਲੰਮਾ ਸਮਾਂ ਇਨ੍ਹਾਂ ਫਾਟਕਾਂ ਦੇ ਬੰਦ ਰਹਿਣ ਕਾਰਨ ਸਕੂਲੀ ਬੱਚਿਆਂ, ਰਾਹਗੀਰਾਂ, ਸ਼ਹਿਰ ਵਾਸੀਆਂ, ਬਿਮਾਰਾਂ ਅਤੇ ਐਮਰਜੈਂਸੀ ਸੇਵਾਵਾਂ ਲੈਣ ਵਾਲਿਆਂ ਨੂੰ ਬਹੁਤ ਪ੍ਰੇਸ਼ਾਨ ਹੋਣਾ ਪੈਂਦਾ ਹੈ ਅਤੇ ਖਾਸ ਕਰਕੇ ਐਮਰਜੈਂਸੀ ਸੇਵਾਵਾਂ ਜਾਂ ਬਿਮਾਰ ਲੋਕਾਂ ਨੂੰ ਹਸਪਤਾਲਾਂ ਵਿੱਚ ਜਾਣ ਲਈ ਬੜੀ ਤਕਲੀਫ ਝੱਲਣੀ ਪੈਂਦੀ ਹੈ। ਫਾਟਕ ਬੰਦ ਹੋਣ ਕਾਰਨ ਲੋਕਾਂ ਨੂੰ ਮਜ਼ਬੂਰਨ ਤੇਜ਼ ਧੁੱਪ ਅਤੇ ਕਈ ਵਾਰ ਮੀਂਹ ਵਿੱਚ ਲੰਬਾ ਸਮਾਂ ਖੜੇ ਰਹਿਣਾ ਪੈਂਦਾ ਹੈ। ਲੋਕਾਂ ਦੀ ਮੰਗ ਹੈ ਕਿ ਇਥੇ ਰੇਲਵੇ ਲਾਈਨ ਉਪਰ ਪੈਂਦੇ ਤਿੰਨਾਂ ਫਾਟਕਾਂ ਵਿੱਚੋਂ ਕਿਸੇ ਵੀ ਫਾਟਕ 'ਤੇ ਅੰਡਰ ਬਰਿੱਜ ਜਾਂ ਓਵਰ ਬਰਿੱਜ ਬਣਾਇਆ ਜਾਵੇ। ਇਸ ਮੌਕੇ ਭਾਜਪਾ ਆਗੂ ਨਵਨੀਤ ਵਿੱਜ ਦੇ ਨਾਲ ਯੂਥ ਸਾਥੀ ਗੌਰਵ ਸ਼ਰਮਾ, ਸੰਨੀ ਮਹਾਜਨ, ਕਪਿਲ ਮਨਨ, ਦੀਪਕ ਸ਼ਰਮਾ, ਤਨੂ ਓਬਰਾਏ, ਅਮਨ ਖੁੱਲਰ, ਬਬਲੂ ਮਹਾਜਨ ਆਦਿ ਮੌਜੂਦ ਸਨ।

# ਬਿਜਲੀ ਮੁਲਾਜ਼ਮਾਂ ਵੱਲੋਂ ਪੇਂਡੂ ਖਪਤਕਾਰਾਂ ਨਾਲ ਬਦਸਲੂਕੀ, ਸਥਿਤੀ ਬਣੀ ਤਣਾਅਪੂਰਨ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਬੀਤੀ ਰਾਤ ਉਪ ਮੰਡਲ ਸਰਾਏ ਅਮਾਨਤ ਖਾਂ ਦੇ ਮੁਲਾਜ਼ਮਾਂ ਵੱਲੋਂ ਵੱਖ-ਵੱਖ ਪਿੰਡਾਂ ਤੋਂ ਬਿਜਲੀ ਸਬੰਧੀ ਗੱਲਬਾਤ ਕਰਨ ਆਏ ਵਿਅਕਤੀਆਂ ਨਾਲ ਬਦਸਲੂਕੀ ਦੇ ਮਾਮਲੇ ਸਬੰਧੀ ਖਬਰ ਪ੍ਰਾਪਤ ਹੋਈ ਹੈ।ਜਾਣਕਾਰੀ ਦਿੰਦਿਆਂ ਪਿੰਡ ਕਸੇਲ ਦੇ ਨੌਜਵਾਨ ਆਗੂ ਜਗਰੂਪ ਸਿੰਘ, ਜਗਾਪਿੰਦਰ ਸਿੰਘ ਫੌਜੀ ਅਤੇ ਇਕੱਤਰ ਵੱਖ-ਵੱਖ ਪਿੰਡਾਂ ਦੇ ਵਿਅਕਤੀਆਂ ਨੇ ਦੱਸਿਆ ਕਿ ਬੀਤੀ ਰਾਤ ਪਿੰਡ ਕਸੇਲ ਢੰਡ 'ਚ ਲੱਗੇ ਬਿਜਲੀ ਦੇ ਕੱਟ ਸਬੰਧੀ ਰਾਤ ਦੀ ਡਿਊਟੀ ਕਰ ਰਹੇ ਸਾਗਰ ਸਿੰਘ ਨਾਲ ਫੋਨ ਤੇ ਰਾਬਤਾ ਕੀਤਾ ਪਰ ਉਨ੍ਹਾਂ ਦੀ ਸਹੀ ਗੱਲਬਾਤ ਨਾ ਹੋਣ ਕਰਕੇ ਉਹ ਬਿਜਲੀ ਘਰ ਸਰਾਏ ਅਮਾਨਤ ਖਾਂ ਵਿਖੇ ਪਹੁੰਚੇ ਜਿੱਥੇ ਉਨ੍ਹਾਂ ਨੇ ਬਿਜਲੀ ਨਾ ਆਉਣ ਸਬੰਧੀ ਪੁੱਛਿਆ ਤਾਂ ਸ਼ਰਾਬ ਦੇ ਨਸ਼ੇ 'ਚ ਧੁੱਤ ਬਿਜਲੀ ਕਰਮਚਾਰੀ ਸਾਗਰ ਸਿੰਘ ਨੇ ਉਨ੍ਹਾਂ ਨਾਲ ਬਦਸਲੂਕੀ ਕੀਤੀ ਅਤੇ ਧੱਕਾ-ਮੁੱਕੀ ਕਰਨਾ ਸ਼ੁਰੂ ਕਰ ਦਿੱਤੀ। ਰਾਤ 10 ਵਜੇ ਬਿਜਲੀ ਮੁਲਾਜ਼ਮਾਂ ਨੇ ਸਾਰੇ ਫੀਡਰਾਂ ਦੀ ਬਿਜਲੀ ਬੰਦ ਕਰ ਦਿੱਤੀ ਜਿਸ ਤੋਂ ਬਾਅਦ ਰਾਤ 12 ਵਜੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਜੋਨ ਸੈਨ ਭਰਾਤ ਪਿੰਡ ਸਰਾਏ ਅਮਾਨਤ ਖਾਂ ਤੋਂ ਜੋਨ ਦੇ ਮੀਤ ਪ੍ਰਧਾਨ ਕੁਲਦੀਪ ਸਿੰਘ ਔਲਖ, ਇਕਾਈ ਪ੍ਰਧਾਨ ਸਤਵਿੰਦਰ ਸਿੰਘ ਬਾਠ, ਗੁਰਜੀਤ ਸਿੰਘ ਢਿੱਲੋਂ ਅਤੇ ਵੱਖ ਵੱਖ ਪਿੰਡਾਂ ਦੇ ਵਿਅਕਤੀ ਪਹੁੰਚੇ ਜਿਨ੍ਹਾਂ ਨੇ ਬਾਕੀ ਪਿੰਡਾਂ ਦੀ ਬਿਜਲੀ ਸਪਲਾਈ ਬੰਦ ਸਬੰਧੀ ਗੱਲਬਾਤ ਕੀਤੀ ਤਾਂ ਉਨ੍ਹਾਂ ਨੇ ਕਿਸਾਨ ਆਗੂ ਨਾਲ ਵੀ ਤਲਖੀ ਭਰੇ ਸ਼ਬਦ ਬੋਲੇ ਪਰ ਐੱਸਡੀਓ ਨਾਲ ਗੱਲਬਾਤ ਕਰਨ 'ਤੇ ਕਸੇਲ, ਢੰਡ ਦੇ ਪਿੰਡਾਂ ਤੋਂ ਇਲਾਵਾ ਬਾਕੀ ਪਿੰਡਾਂ ਦੀ ਬਿਜਲੀ ਰਾਤ 1:30 ਵਜੇ ਚਾਲੂ ਕਰ ਦਿੱਤੀ ਗਈ।ਸਵੇਰੇ ਮਾਰਕੀਟ ਕਮੇਟੀ ਝਬਾਲ ਦੇ ਚੇਅਰਮੈਨ ਬਲਵਿੰਦਰ ਕੋਟ ਨੇ ਪਿੰਡ ਕਸੇਲ ਦੇ ਮੋਹਤਬਾਰ ਵਿਅਕਤੀਆਂ ਅਤੇ ਉਪ ਮੰਡਲ ਸਰਾਏ ਅਮਾਨਤ ਖਾਂ ਦੇ ਐੱਸਡੀਓ ਅਤੇ ਹੋਰ ਬਿਜਲੀ ਅਧਿਕਾਰੀਆਂ ਨਾਲ ਬੈਠ ਕੇ ਮਸਲੇ ਨੂੰ ਸੁਲਝਾਇਆ ਜਿਸ 'ਤੇ ਸਾਰਿਆਂ ਨੇ ਸਹਿਮਤੀ ਪ੍ਰਗਟਾਈ।

# ਝੋਨੇ ਦੇ ਸੀਜ਼ਨ ਦੌਰਾਨ ਕਿਸਾਨਾਂ ਨੂੰ ਮਿਲੇਗੀ ਨਿਰਵਿਘਨ ਬਿਜਲੀ ਸਪਲਾਈ : ਈਟੀਓ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ): ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਕਿਸਾਨਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਅਤੇ ਝੋਨੇ ਦੇ ਸੀਜ਼ਨ ਦੌਰਾਨ ਕਿਸਾਨਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਮੁਹੱਈਆ ਕਰਵਾਈ ਜਾਵੇਗੀ ਤਾਂ ਜੋ ਉਨ੍ਹਾਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।ਈਟੀਓ ਨੇ ਦੱਸਿਆ ਕਿ ਪੀਐੱਸਪੀਸੀਐੱਲ ਨੇ 24 ਘੰਟੇ ਬਿਜਲੀ ਸਪਲਾਈ ਦੀ ਨਿਗਰਾਨੀ ਲਈ ਹਰੇਕ ਜ਼ੋਨਲ ਪੱਧਰ ਤੇ ਸਮਰਪਿਤ ਕੰਟਰੋਲ ਰੂਮ ਅਤੇ ਪਟਿਆਲਾ ਦੇ ਮੁੱਖ ਦਫਤਰ ਵਿੱਚ ਇੱਕ ਕੇਂਦਰੀ ਕੰਟਰੋਲ ਰੂਮ ਸਥਾਪਤ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਖਪਤਕਾਰ ਹੁਣ ਪੀਐੱਸਪੀਸੀਐੱਲ ਮੋਬਾਈਲ ਐਪ (ਗੂਗਲ ਪਲੇ ਸਟੋਰ ਅਤੇ ਐਪਲ ਐਪ ਸਟੋਰ ਦੋਵਾਂ 'ਤੇ ਉਪਲਬਧ) ਰਾਹੀਂ, ਐੱਸਐੱਮਐੱਸ ਭੇਜ ਕੇ ਜਾਂ 1912 'ਤੇ ਕਾਲ ਕਰਕੇ, ਟੋਲ-ਫ੍ਰੀ ਨੰਬਰ 1800-180-1512 'ਤੇ ਮਿਸਡ ਕਾਲ ਦੇ ਕੇ ਜਾਂ 96461-01912 'ਤੇ ਵਟਸਐਪ ਰਾਹੀਂ ਬਿਜਲੀ ਸਪਲਾਈ ਜਾਂ ਬਿਲਿੰਗ ਨਾਲ ਸਬੰਧਤ ਸ਼ਿਕਾਇਤਾਂ ਦਰਜ ਕਰ ਸਕਦੇ ਹਨ। ਇਸ ਤੋਂ ਇਲਾਵਾ ਪੀਐੱਸਪੀਸੀਐੱਲ ਦਾ ਨੰ. 96461-01912 ਵਟਸਐਪ ਸੇਵਾ ਉਪਭੋਗਤਾਵਾਂ ਨੂੰ ਬਿੱਲ ਦੀ ਰਕਮ, ਭੁਗਤਾਨ ਸਥਿਤੀ ਦੀ ਜਾਂਚ ਕਰਨ, ਸ਼ਿਕਾਇਤਾਂ ਦਰਜ ਕਰਨ ਅਤੇ ਸੇਵਾ ਨਾਲ ਸਬੰਧਤ ਜਾਣਕਾਰੀ ਤੁਰੰਤ ਪ੍ਰਾਪਤ ਕਰਨ ਲਈ ਇੱਕ ਇੰਟਰਵੇਸ ਪ੍ਰਦਾਨ ਕਰਦੀ ਹੈ।ਬਿਜਲੀ ਮੰਤਰੀ ਨੇ ਦੱਸਿਆ ਕਿ ਬਾਰਡਰ ਜ਼ੋਨ (ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ, ਪਠਾਨਕੋਟ) ਦੇ ਕੰਟਰੋਲ ਰੂਮ 01832-212425, 96461-82959, 96461-21403, ਅਤੇ 96461-21404 ਤੇ ਉਪਲਬਧ ਹਨ।ਕਿਸੇ ਵੀ ਸਮੱਸਿਆ ਲਈ ਖਪਤਕਾਰ ਪਟਿਆਲਾ ਦੇ ਮੁੱਖ ਦਫ਼ਤਰ ਨਾਲ 96461-06835 ਅਤੇ 96461-06836 'ਤੇ ਸੰਪਰਕ ਕਰ ਸਕਦੇ ਹਨ।

# ਆਰ ਡੀ ਖੋਸਲਾ ਡੀਏਵੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੀ ਯੋਗਾ ਟੀਮ ਵੱਲੋਂ ਸ਼ਾਨਦਾਰ ਪ੍ਰਦਰਸ਼ਨ

**ਬਟਾਲਾ (ਤਰਲੋਕ ਬੱਗਾ, ਡਾ. ਮਲਵਿੰਦਰ ਸਿੰਘ)**- ਆਰ. ਡੀ. ਖੋਸਲਾ ਡੀ. ਏ. ਵੀ. ਸਕੂਲ ਬਟਾਲਾ ਦੀ ਯੋਗਾ ਟੀਮ ਵੱਲੋਂ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਚੈਂਪੀਅਨਸ਼ਿਪ 2025 ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ। ਇਸ ਮੁਕਾਬਲੇ ਵਿੱਚ 5 ਜ਼ਿਲ੍ਹਿਆਂ ਦੇ 187 ਵਿਦਿਆਰਥੀਆਂ ਦੀਆਂ ਪ੍ਰਤਿਭਾਸ਼ਾਲੀ ਟੀਮਾਂ ਨੇ ਹਿੱਸਾ ਲਿਆ, ਜਿਸ ਵਿੱਚ ਆਰ. ਡੀ. ਖੋਸਲਾ ਸਕੂਲ ਦੇ ਵਿਦਿਆਰਥੀਆਂ ਨੇ ਅਨੁਸ਼ਾਸਨ, ਸਮਰਪਣ ਅਤੇ ਸਖਤ ਅਭਿਆਸ ਦੇ ਆਧਾਰ 'ਤੇ ਆਪਣੀ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਬਹੁਤ ਸਾਰੇ ਵਿਦਿਆਰਥੀਆਂ ਨੇ ਸੋਨੇ ਅਤੇ ਚਾਂਦੀ ਦੇ ਤਗਮੇ ਜਿੱਤ ਕੇ ਸਕੂਲ ਅਤੇ ਮਾਪਿਆਂ ਦਾ ਮਾਣ ਵਧਾਇਆ। ਅੰਡਰ 14 ਉਮਰ ਵਰਗ ਵਿੱਚ ਰਾਜਵੀਰ ਕੌਰ, ਕੀਰਤ ਪ੍ਰੀਤ ਕੌਰ, ਗੁਰਲੀਨ ਕੌਰ ਅਤੇ ਅਸਮੀਨ ਕੌਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਸੋਨ ਤਗਮਾ ਜਿੱਤਿਆ। ਅੰਡਰ 8 ਉਮਰ ਵਰਗ ਵਿੱਚ, ਚਿਤਨੂਰ ਕੌਰ, ਹਰਸੀਰਤ ਕੌਰ, ਨਾਇਰਾ, ਸਿਮਰਤ ਕੌਰ, ਸੁਖਰਾਜ ਸਿੰਘ, ਰਿਆਨਵੀਰ, ਮਨਹੀਰ ਕੌਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ।ਅੰਡਰ 10 ਟੀਮ ਵਿੱਚ ਦੀਆ ਬਾਲਾ, ਨਾਇਰਾ, ਗੁਰਨੂਰ ਕੌਰ, ਟੀਨਾ, ਵਿਹਾਨ, ਗੁਰਨੂਰ ਸਿੰਘ, ਪ੍ਰੀਹਾਨ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਅੰਡਰ 12 ਟੀਮ ਵਿੱਚ ਮਨਸੀਰਤ ਕੌਰ, ਤਨਾਇਆ, ਜਾਗ੍ਰਿਤੀ ਅਤੇ ਮਨਮੀਤ ਕੌਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੈ ਖੋਸਲਾ ਅਤੇ ਪ੍ਰਿੰਸੀਪਲ ਡਾ. ਬਿੰਦੂ ਭੱਲਾ ਨੇ ਟੀਮ ਦੇ ਸਾਰੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ, ਟ੍ਰੇਨਰਾਂ ਅਤੇ ਸਹਾਇਕ ਸਟਾਫ ਨੂੰ ਇਸ ਸਫਲਤਾ 'ਤੇ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਸਫਲਤਾ ਵਿਦਿਆਰਥੀਆਂ ਦੀ ਸਖਤ ਮਿਹਨਤ ਅਤੇ ਟੀਮ ਭਾਵਨਾ ਦਾ ਨਤੀਜਾ ਹੈ। ਇਹ ਸਾਡੇ ਸਕੂਲ ਲਈ ਮਾਣ ਵਾਲਾ ਪਲ ਹੈ। ਟੀਮ ਨੂੰ ਸਿਖਲਾਈ ਦੇਣ ਵਾਲੇ ਯੋਗਾ ਇੰਸਟ੍ਰਕਟਰਾਂ ਊਸ਼ਾ ਕਿਰਨ ਅਤੇ ਰਜਨੀ ਦੀ ਸ਼ਲਾਘਾ ਕਰਦੇ ਹੋਏ ਉਨ੍ਹਾਂ ਕਿਹਾ ਕਿ ਐਕਵਾ ਫਲੋਟਿੰਗ ਯੋਗਾ ਲਈ ਬਹੁਤ ਜ਼ਿਆਦਾ ਸੰਤੁਲਨ ਅਤੇ ਇਕਾਗਰਤਾ ਦੀ ਲੋੜ ਹੁੰਦੀ ਹੈ ਅਤੇ ਸਾਡੇ ਵਿਦਿਆਰਥੀਆਂ ਨੇ ਇਸ ਚੁਣੌਤੀ ਨੂੰ ਸਵੀਕਾਰ ਕੀਤਾ। ਸਕੂਲ ਪ੍ਰਬੰਧਨ ਨੇ ਸਾਰੀ ਟੀਮ ਨੂੰ ਵਧਾਈ ਦਿੰਦੇ ਹੋਏ ਇਹ ਉਮੀਦ ਪ੍ਰਗਟ ਕੀਤੀ ਕਿ ਭਵਿੱਖ ਵਿੱਚ ਵੀ ਸਾਡੇ ਸਕੂਲ ਦੇ ਵਿਦਿਆਰਥੀ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ 'ਤੇ ਸਕੂਲ ਦਾ ਨਾਮ ਰੌਸ਼ਨ ਕੀਤਾ।

# ਯੂਨੀਵਰਸਿਟੀ ਸਕੂਲ ਆਫ ਫਾਇਨੈਂਸ਼ੀਅਲ ਸਟੱਡੀਜ਼ ਪ੍ਰੋਗਰਾਮਾਂ ਲਈ ਦਾਖਲੇ ਸ਼ੁਰੂ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਿਭਾਗ ਯੂਨੀਵਰਸਿਟੀ ਸਕੂਲ ਆਫ ਫਾਇਨੈਂਸ਼ੀਅਲ ਸਟੱਡੀਜ਼ ਵਿਖੇ ਸੈਸ਼ਨ 2025-2026 ਲਈ ਵੱਖ ਵੱਖ ਪ੍ਰੋਗਰਾਮਾਂ ਲਈ ਦਾਖਲੇ ਦੀ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ। ਵਿਭਾਗ ਦੇ ਮੁਖੀ ਡਾ. ਹਰਸੰਦਲਦੀਪ ਕੌਰ ਨੇ ਇਸ ਬਾਰੇ ਜਾਣਕਾਰੀ ਦੇਂਦ ਹੋਏ ਦੱਸਿਆ ਕਿ ਇਹ ਵਿਭਾਗ ਯੂਨੀਵਰਸਿਟੀ ਵਿਚ ਸਭ ਤੋ ਵੱਡੇ ਵਿਭਾਗ ਵਜੋਂ ਜਾਣਿਆ ਜਾਂਦਾ ਹੈ। ਵਿਭਾਗ ਵਿਚ ਇਸ ਸਮੇਂ ਐੱਮ.ਕਾਮ. (ਪੰਜ ਸਾਲਾ) ਐਮ.ਕਾਮ. (ਦੋ ਸਾਲਾ) ਐੱਮਬੀਏ. (ਪੰਜਸਾਲਾ) ਅਤੇ ਐੱਮਬੀਏ (ਦੋ ਸਾਲਾ) ਕੋਰਸ ਚੱਲ ਰਹੇ ਹਨ। ਵਿਦਿਆਰਥੀਆਂ ਦੀ ਮੰਗ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਸਾਲ ਦੋ ਹੋਰ ਪ੍ਰੋਗਰਾਮ ਸ਼ੁਰੂ ਕੀਤੇ ਜਾ ਰਹੇ ਹਨ ਜਿਨ੍ਹਾਂ ਵਿਚ ਐੱਮਬੀਏ (ਫਾਇਨੈਂਸ਼ੀਅਲ ਅਨੈਲਟਿਕਸ) (ਦੋ ਸਾਲਾ) ਐੱਨਐੱਸਈ ਅਕੈਡਮੀ ਨਾਲ ਮਿਲ ਕੇ ਸ਼ੁਰੂ ਕੀਤਾ ਜਾ ਰਿਹਾ ਹੈ ਜਿਸ ਵਿਚ ਉਹਨਾਂ ਦੇ ਅਧਿਆਪਕ ਆ ਕੇ ਬੱਚਿਆਂ ਨੂੰ ਪੜ੍ਹਾਉਣਗੇ ਅਤੇ ਵਿਦਿਆਰਥੀਆਂ ਨੂੰ 2 ਡਿਗਰੀਆਂ ਮਿਲਣਗੀਆਂ ਅਤੇ ਐੱਮ.ਕਾਮ. (ਡਾਟਾਅਨੈਲਟਿਕਸ) (ਪੰਜ ਸਾਲਾ) ਸ਼ੁਰੂ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕੋਰਸਾਂ ਵਿਚ ਦਾਖਲੇ ਲਈ ਅਰਜ਼ੀਆਂ 8 ਮਈ ਤੋਂ ਸ਼ੁਰੂ ਹੋ ਚੁੱਕੀਆਂ ਹਨ ਜੋ 11 ਜੁਲਾਈ ਤੱਕ ਜਾਰੀ ਰਹਿਣਗੀਆਂ। ਦਾਖਲੇ ਦੀ ਪ੍ਰੀਕਿਰਿਆ ਟੈਸਟ ਦੀ ਮੈਰਿਟ ਬੇਸ 'ਤੇ ਹੋਵੇਗੀ। ਉਮੀਦਵਾਰ ਆਨਲਾਈਨ ਅਪਲਾਈ ਕਰ ਸਕਦੇ ਹਨ ਅਤੇ ਹੋਰ ਜਾਣਕਾਰੀ ਲਈ ਵਿਭਾਗ ਦੇ 

8-JUNE-PAGE-4.qxd 6/7/2025 10:59 PM Page 1



## ਨਸ਼ੇ ਸਮਾਜ ਦੀ ਤਰੱਕੀ 'ਚ ਸਭ ਤੋਂ ਵੱਡੀ ਰੁਕਾਵਟ : ਬੁੱਧ ਰਾਮ

**ਬੁਢਲਾਡਾ (ਅਸ਼ੋਕ ਲਾਕੜਾ)**-ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਸ਼ੁਰੂ ਕੀਤੀ ਨਸ਼ਾ ਮੁਕਤੀ ਯਾਤਰਾ ਤਹਿਤ ਜ਼ਿਲ੍ਹੇ ਦੇ ਪਿੰਡਾਂ ਵਿੱਚ ਜਾਗਰੂਕਤਾ ਮੀਟਿੰਗਾਂ ਦਾ ਲਗਾਤਾਰ ਆਯੋਜਨ ਕੀਤਾ ਜਾ ਰਿਹਾ ਹੈ। ਇਸੇ ਲੜੀ ਤਹਿਤ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਲੋਕਾਂ ਨੂੰ ਜਾਣੂ ਕਰਵਾਉਣ ਲਈ ਹਲਕਾ ਵਿਧਾਇਕ ਬੁਢਲਾਡਾ ਪ੍ਰਿੰਸੀਪਲ ਬੁੱਧ ਰਾਮ ਨੇ ਪਿੰਡ ਮੰਘਾਣੀਆਂ, ਜੀਵਨ ਨਗਰ, ਦਸ਼ਮੇਸ਼ ਨਗਰ, ਝੱਲਬੂਟੀ ਤੇ ਆਂਡਿਆਂਵਾਲੀ ਵਿਖੇ ਜਾਗਰੂਕਤਾ ਸਭਾਵਾਂ ਕੀਤੀਆਂ। ਉਨ੍ਹਾਂ ਕਿਹਾ ਕਿ ਨੌਜਵਾਨ ਕਿਸੇ ਵੀ ਦੇਸ਼ ਜਾਂ ਸੂਬੇ ਦਾ ਭਵਿੱਖ ਹੁੰਦੇ ਹਨ, ਇਸ ਲਈ ਨੌਜਵਾਨਾਂ ਨੂੰ ਨਸ਼ਿਆਂ ਖਿਲਾਫ਼ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ ਅਤੇ ਜਿਹੜੇ ਨੌਜਵਾਨ ਨਸ਼ੇ ਦੀ ਇਸ ਬੁਰੀ ਆਦਤ ਦਾ ਸ਼ਿਕਾਰ ਹੋ ਚੁੱਕੇ ਹਨ, ਉਨ੍ਹਾਂ ਨੂੰ ਨਸ਼ਾ ਛੱਡ ਕੇ ਸਮਾਜ ਦੀ ਮੁੱਖ ਧਾਰਾ ਨਾਲ ਜੁੜਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਵਿੱਢੀ ਇਸ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਨੌਜਵਾਨਾਂ ਦੇ ਸਹਿਯੋਗ ਦੀ ਪੂਰਨ ਲੋੜ ਹੈ, ਤਾਂ ਹੀ ਨਸ਼ਿਆਂ ਦੀ ਇਸ ਭੈੜੀ ਅਲਾਮਤ ਤੋਂ ਸਮਾਜ ਨੂੰ ਮੁਕਤ ਕੀਤਾ ਜਾ ਸਕਦਾ ਹੈ। ਉਨ੍ਹਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ ਤੇ ਸਿੱਖਿਆ ਵੱਲ ਆਪਣੀ ਰੁਚੀ ਵਧਾਉਣ ਤੇ ਹੋਰਨਾਂ ਨੂੰ ਵੀ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾ ਕੇ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਨ ਦੀ ਅਪੀਲ ਕੀਤੀ।

## ਨੇਕੀ ਫਾਊਂਡੇਸ਼ਨ ਨੇ ਲਾਇਆ ਖੂਨਦਾਨ ਕੈਂਪ

**ਬੁਢਲਾਡਾ (ਅਸ਼ੋਕ ਲਾਕੜਾ)**-ਨੇਕੀ ਫਾਊਂਡੇਸ਼ਨ ਵੱਲੋਂ ਲੋਕਲ ਗੁਰੂਦੁਆਰਾ ਪ੍ਰਬੰਧਕ ਕਮੇਟੀ ਬਰ੍ਹੇ ਸਾਹਿਬ ਤੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਕਲੱਬ ਦੇ ਸਹਿਯੋਗ ਨਾਲ ਸਲਾਨਾ ਜੋੜ ਮੇਲੇ ਮੌਕੇ ਪਿੰਡ ਦੇ ਗੁਰੂਦੁਆਰਾ ਸਾਹਿਬ ਵਿਖੇ ਖੂਨਦਾਨ ਕੈਂਪ ਲਾਇਆ ਗਿਆ, ਜਿੱਥੇ ਔਰਤਾਂ ਸਮੇਤ 40 ਤੋਂ ਵੱਧ ਖੂਨਦਾਨੀਆਂ ਨੇ ਵਧ ਚੜ੍ਹ ਕੇ ਹਿੱਸਾ ਲਿਆ। ਇਹ ਖੂਨਦਾਨ ਕੈਂਪ ਥੈਲੇਸਿਮਿਆ ਪੀੜਤ ਬੱਚਿਆਂ ਲਈ ਲਾਇਆ ਗਿਆ ਤੇ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਚਰਨਛੋਹ ਧਰਤੀ ਇਤਿਹਾਸਕ ਪਿੰਡ ਬਰ੍ਹੇ ਸਾਹਿਬ ਵਿਖੇ ਸਰਕਾਰੀ ਬਲੱਡ ਸੈਂਟਰ ਮਾਨਸਾ ਦੀ ਟੀਮ ਨੇ ਸ਼ਰਧਾ ਨਾਲ ਖੂਨ ਇਕੱਤਰ ਕੀਤਾ।ਸੰਸਥਾ ਦੇ ਮੈਂਬਰਾਂ ਨੇ ਲੋਕਾਂ ਨੂੰ ਖੂਨਦਾਨ ਕਰਨ ਲਈ ਪ੍ਰੇਰਤ ਕਰਦਿਆਂ ਇਸਦੇ ਫ਼ਾਇਦੇ ਦੱਸੇ ਅਤੇ ਨੇਕ ਕੰਮ ਕਰਨ ਲਈ ਉਤਸ਼ਾਹਤ ਕੀਤਾ।ਸਾਰੇ ਖੂਨਦਾਨੀਆਂ ਨੂੰ ਸਨਮਾਨ ਚਿੰਨ੍ਹ ਤੇ ਸਰਟੀਫਿਕੇਟ ਨਾਲ ਸਨਮਾਨਤ ਕੀਤਾ ਗਿਆ।

## ਅਦਾਲਤੀ ਕੰਪਲੈਕਸ 'ਚ ਵਣ-ਮਹਾਂਉਤਸਵ ਮਨਾਇਆ

**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਪੰਜਾਬ ਐਂਡ ਹਰਿਆਣਾ ਹਾਈਕੋਰਟ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਦਾਲਤੀ ਕੰਪਲੈਕਸ ਵਿਖੇ ਵਣ ਮਹਾਂਉਤਸਵ ਮਨਾਇਆ ਗਿਆ।ਅਦਾਲਤੀ ਕੰਪਲੈਕਸ ਵਿਖੇ ਵੱਡੇ ਪੱਧਰ ਤੇ ਬੂਟੇ ਲਾਏ ਗਏ।ਬੂਟੇ ਲਾਉਣ ਦੀ ਰਸਮ ਮੈਡਮ ਦਲਜੀਤ ਕੌਰ ਸਿਵਲ ਜੱਜ ਸੀਨੀਅਰ ਡਵੀਜਨ, ਕਰਨਵੀਰ ਸਿੰਘ, ਅਮਨਦੀਪ ਕੌਰ, ਹਰਪ੍ਰੀਤ ਸਿੰਘ ਤੇ ਰੁਪਿੰਦਰ ਕੌਰ (ਚਾਰੇ ਸਿਵਲ ਜੱਜ ਜੂਨੀਅਰ ਡਵੀਜ਼ਨ) ਤੇ ਬਾਰ ਐਸੋਸੀਏਸਨ ਦੇ ਪ੍ਰਧਾਨ ਅਮਨਦੀਪ ਸਿੰਘ ਚਹਿਲ ਸਮੇਤ ਸਮੂੱਚੇ ਵਕੀਲ ਭਾਈਚਾਰੇ ਵੱਲੋਂ ਸਾਂਝੇ ਤੌਰ 'ਤੇ ਨਿਭਾਈ ਗਈ।ਸੀਨੀਅਰ ਡਵੀਜ਼ਨ ਜੱਜ ਮੈਡਮ ਦਲਜੀਤ ਕੌਰ ਤੇ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਅਮਨਦੀਪ ਸਿੰਘ ਚਹਿਲ ਨੇ ਵਣ ਮਹਾਂਉਤਸਵ ਦੀ ਮਹੱਤਤਾ ਬਾਰੇ ਜ਼ਿਕਰ ਕਰਦਿਆਂ ਕਿਹਾ ਕਿ ਜਿੱਥੇ ਦਰੱਖਤ ਵਾਤਾਵਰਣ ਨੂੰ ਸ਼ੁੱਧ ਰੱਖਣ ਲਈ ਜ਼ਰੂਰੀ ਹਨ, ਉਥੇ ਇਨ੍ਹਾਂ ਨਾਲ ਸਾਨੂੰ ਸਾਫ ਪਾਣੀ ਅਤੇ ਹਵਾ ਮਿਲਦੀ ਹੈ, ਜੋ ਸਾਨੂੰ ਬਿਮਾਰੀ ਰਹਿਤ ਜ਼ਿੰਦਗੀ ਪ੍ਰਦਾਨ ਕਰਦੇ ਹਨ।ਵਾਤਾਵਰਣ ਬਚਾਉਣ ਤੇ ਸਿਹਤਮੰਦ ਵਾਤਾਵਰਣ ਪ੍ਰਣਾਲੀ ਨੂੰ ਯਕੀਨੀ ਬਣਾਉਣ ਲਈ ਵੱਧ ਤੋਂ ਵੱਧ ਰੁੱਖ ਲਾਉਣ ਦੀ ਲੋੜ ਹੈ।ਇਸ ਤੋਂ ਇਲਾਵਾ ਉਨ੍ਹਾਂ ਆਮ ਲੋਕਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਰੁੱਖ ਲਾਉਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਰੁੱਖ ਲਾਉਣ ਉਪਰੰਤ ਜ਼ਿੰਮੇਵਾਰੀ ਨਾਲ ਉਸਦੀ ਸਾਂਭ-ਸੰਭਾਲ ਬਹੁਤ ਜ਼ਰੂਰੀ ਹੈ।

## ਰੂਪ ਵਾਟੀਕਾ ਸਕੂਲ 'ਚ ਮਨਾਇਆ ਯੋਗਾ ਹਫ਼ਤਾ

**ਜਗਰਾਓਂ (ਅਮਿਤ ਖੰਨਾ)**-ਰੂਪ ਵਾਟੀਕਾ ਸਕੂਲ ਵਿੱਚ ਬੱਚਿਆਂ ਦੇ ਨਾਲ-ਨਾਲ ਅਧਿਆਪਕਾਂ ਦੀ ਸਿਹਤ ਨੂੰ ਵੀ ਧਿਆਨ ਵਿੱਚ ਰੱਖਿਆ ਜਾਂਦਾ ਹੈ, ਕਿਉਂਕਿ ਜੇ ਅਧਿਆਪਕ ਤੰਦਰੁਸਤ ਹੈ ਤਾਂ ਉਹ ਆਪਣੇ ਪਰਵਾਰ ਅਤੇ ਸਕੂਲ ਦੇ ਬੱਚਿਆਂ ਦਾ ਵਿਕਾਸ ਕਰ ਸਕਦਾ ਹੈ।ਇਸੇ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਰੂਪ ਵਾਟੀਕਾ ਸਕੂਲ ਵਿੱਚ ਯੋਗਾ ਹਫਤਾ ਦਾ ਪ੍ਰਬੰਧ ਕੀਤਾ ਗਿਆ।ਇਸ ਵਿੱਚ ਸਾਰੇ ਅਧਿਆਪਕਾਂ ਨੇ ਕਈ ਤਰ੍ਹਾਂ ਦੇ ਆਸਨ ਕੀਤੇ ਅਤੇ ਜ਼ੁੰਬਾ ਕਲਾਸਾਂ ਵੀ ਲਾਈਆਂ।ਅਧਿਆਪਕਾਂ ਨੂੰ ਖੇਡ ਕਾਰਜ ਵਿਧੀਆਂ ਵੀ ਕਰਾਈਆਂ ਗਈਆਂ, ਜਿਸ ਵਿੱਚ ਸਾਰੇ ਅਧਿਆਪਕਾਂ ਨੇ ਵਧ-ਚੜ੍ਹ ਕੇ ਹਿੱਸਾ ਲਿਆ।ਅਧਿਆਪਕਾਂ ਦੇ ਲਈ ਸਕੂਲ ਵਿੱਚ ਸਵੇਰ ਦੇ ਖਾਣੇ ਦਾ ਪ੍ਰਬੰਧ ਕੀਤਾ ਗਿਆ।ਅਧਿਆਪਕਾਂ ਦੇ ਸਰਬਪੱਖੀ ਵਿਕਾਸ ਲਈ ਸਕੂਲ ਵਿੱਚ ਅੰਗਰੇਜ਼ੀ ਕਲਾਸ ਵੀ ਲਾਈ ਗਈ।ਇਸ ਵਿੱਚ ਅਧਿਆਪਕਾਂ ਨੇ ਆਪਣੀ ਅੰਗਰੇਜ਼ੀ ਨੂੰ ਸੁਧਾਰਨ ਲਈ ਕਈ ਤਰ੍ਹਾਂ ਦੀਆਂ ਗਤੀਵਿਧੀਆਂ ਕੀਤੀਆਂ।ਇਸ ਪ੍ਰਬੰਧ ਦਾ ਮੁੱਖ ਉਦੇਸ਼ ਅਧਿਆਪਕਾਂ ਦਾ ਸਰੀਰਕ, ਮਾਨਸਿਕ ਤੇ ਬੌਧਿਕ ਰੂਪ ਤੋਂ ਮਜਬੂਤ ਕਰਨਾ ਸੀ।ਰੂਪ ਵਾਟੀਕਾ ਸਕੂਲ ਦੇ ਅਧਿਆਪਕਾਂ ਨੇ ਇਸ ਪ੍ਰਬੰਧ ਦਾ ਪੂਰਾ ਲਾਭ ਉਠਾਇਆ।ਸਕੂਲ ਦੇ ਪ੍ਰਿੰਸੀਪਲ ਮੈਡਮ ਸ਼੍ਰੀਮਤੀ ਵਿੰਮੀ ਠਾਕੁਰ ਨੇ ਕਿਹਾ ਕਿ ਯੋਗ ਕਸਰਤ ਨੂੰ ਜੇ ਅਸੀਂ ਆਪਣੀ ਰੋਜਾਨਾ ਜ਼ਿੰਦਗੀ ਵਿੱਚ ਸ਼ਾਮਿਲ ਕਰ ਲਈਏ ਤਾਂ ਅਸੀਂ ਤਣਾਅ ਰਹਿਤ ਅਤੇ ਤੰਦਰੁਸਤ ਬਣ ਸਕਦੇ ਹਾਂ।ਉਨ੍ਹਾਂ ਸਾਰਿਆਂ ਨੂੰ ਕਸਰਤ ਦੇ ਅਭਿਆਸ ਨੂੰ ਅਪਣਾਉਣ ਲਈ ਜੋਰ ਦਿੱਤਾ।ਭਵਿੱਖ ਵਿੱਚ ਆਪਣੇ ਸਰੀਰ ਵੱਲ ਧਿਆਨ ਦਿੰਦਿਆਂ ਹੋਇਆ ਤੇ ਯੋਗ ਅਭਿਆਸ ਲਗਾਤਾਰ ਕਰਨ ਤੇ ਜ਼ੋਰ ਦਿੱਤਾ।

## ਪੁਰਾਤਨ ਰੁੱਖਾਂ ਨੂੰ ਬਚਾਉਣ ਦਾ ਹੋਕਾ ਦੇਣ ਰਿਹੈ ਗੁਰਵਿੰਦਰ ਦਿਆਲਪੁਰਾ

**ਜ਼ੀਰਾ (ਪਰਮਜੀਤ ਸਿੰਘ ਧੰਜੂ)**-ਪੰਜਾਬ ਵਿੱਚ ਗੁਰਵਿੰਦਰ ਸਿੰਘ ਦਿਆਲਪੁਰਾ ਵਰਗੇ ਅਜਿਹੇ ਨੌਜਵਾਨ ਵੀ ਹਨ, ਜੋ ਹਰ ਦਿਨ ਬਰਬਾਦ ਹੁੰਦੇ ਜਾ ਰਹੇ ਚੌਗਿਰਦੇ ਪ੍ਰਤੀ ਆਮ ਮਨੁੱਖ ਨੂੰ ਸੁਚੇਤ ਕਰ ਰਹੇ ਹਨ। ਮਾਨਸਾ ਜ਼ਿਲ੍ਹੇ ਦਾ ਇਹ ਨੌਜਵਾਨ ਅਧਿਆਪਕ ਆਪਣੇ ਨਗਰ ਦਿਆਲਪੁਰੇ ਤੋਂ ਪੰਜਾਬ ਵਾਸੀਆਂ ਨੂੰ ਪੁਰਾਤਨ ਰੁੱਖਾਂ ਨੂੰ ਬਚਾਉਣ ਦਾ ਹੋਕਾ ਦੇਣ ਲਈ ਆਪਣੇ ਮੋਟਰਸਾਈਕਲ 'ਤੇ ਨਿਕਲਿਆ ਹੈ।

ਪੰਜਾਬੀ ਦੇ ਪ੍ਰਸਿੱਧ ਸਾਹਿਤਕਾਰ ਗੁਰਚਰਨ ਸਿੰਘ ਨੂਰਪੁਰ ਦੇ ਘਰ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਗੁਰਵਿੰਦਰ ਨੇ ਦੱਸਿਆ ਕਿ ਮੇਰੀ ਯਾਤਰਾ ਪੂਰੇ ਪੰਜਾਬ ਦੀ ਯਾਤਰਾ ਹੈ ਅਤੇ ਇਸ ਯਾਤਰਾ ਦੌਰਾਨ ਮੈਂ ਪੰਜਾਬ ਦੇ ਲੋਕਾਂ ਨੂੰ ਪੰਜਾਬ ਦੇ ਪੁਰਾਤਨ ਰੁੱਖਾਂ ਨਿੰਮ, ਬੋਹੜ, ਪਿੱਪਲ, ਪਿਲਕਣ, ਬੇਰੀਆਂ, ਟਾਹਲੀਆਂ, ਕਿੱਕਰਾਂ, ਜੰਡ, ਧਰੇਕਾਂ, ਮਹਿੰਦੀ ਆਦਿ ਦੇ ਰੁੱਖਾਂ ਨੂੰ ਬਚਾਉਣ ਲਈ ਲੋਕਾਂ ਤੱਕ ਸੁਨੇਹਾ ਲੈ ਕੇ ਜਾ ਰਿਹਾ ਹਾਂ। ਉਸ ਨੇ ਕਿਹਾ ਕਿ ਇਸ ਸਮੇਂ ਸਾਡਾ ਪੰਜਾਬ ਵਾਤਾਵਰਨ ਦੇ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ। ਸਾਡਾ ਧਰਤੀ ਹੇਠਲਾ ਪਾਣੀ ਬੜੀ ਤੇਜ਼ੀ ਨਾਲ ਘਟ ਰਿਹਾ ਹੈ। ਸਾਡੀ ਇਸ ਧਰਤੀ ਤੇ ਸਾਡੇ ਗੁਰੂ ਬਾਬੇ ਨਾਨਕ ਨੇ ਸਾਨੂੰ ਧਰਤੀ ਨੂੰ ਮਾਂ, ਪਾਣੀ ਨੂੰ ਪਿਤਾ ਤੇ ਹਵਾ ਨੂੰ ਗੁਰੂ ਮੰਨਣ ਦੀ ਤਾਗੀਦ ਕੀਤੀ, ਪਰ ਅਸੀਂ ਪੰਜਾਬ ਵਾਸੀਆਂ ਨੇ ਵੱਡੀ ਪੱਧਰ 'ਤੇ ਰੁੱਖਾਂ ਦਾ ਕਤਲੇਆਮ ਕਰਕੇ ਕੁਦਰਤੀ ਸੋਮਿਆਂ ਨੂੰ ਤਬਾਹ ਕਰ ਲਿਆ ਹੈ। ਇਸ ਮੌਕੇ ਪੰਜਾਬ ਦੇ ਪ੍ਰਸਿੱਧ ਘੁਮੱਕੜ ਹਰਚਰਨ ਚੋਹਲਾ ਨੇ ਕਿਹਾ ਕਿ ਗੁਰਵਿੰਦਰ ਸਿੰਘ ਵਰਗੇ ਨੌਜਵਾਨਾਂ 'ਤੇ ਸਾਨੂੰ ਪੰਜਾਬੀਆਂ ਨੂੰ ਮਾਣ ਹੋਣਾ ਚਾਹੀਦਾ ਹੈ, ਜੋ ਇੱਕ ਸੱਚੀ ਭਾਵਨਾ ਨਾਲ ਇੱਕ ਮਿਸ਼ਨ ਤਹਿਤ ਪੰਜਾਬ ਦੀ ਆਬੋ ਹਵਾ ਨੂੰ ਬਚਾਉਣ ਲਈ ਯਤਨਸ਼ੀਲ ਹਨ। ਇਸ ਦੌਰਾਨ ਸਾਹਿਤਕਾਰ ਗੁਰਚਰਨ ਨੂਰਪੁਰ ਵੱਲੋਂ ਗੁਰਵਿੰਦਰ ਸਿੰਘ ਨੂੰ ਵਾਤਾਵਰਨ ਨੂੰ ਬਚਾਉਣ ਦਾ ਸੁਨੇਹਾ ਦਿੰਦੀ ਭਗਤ ਪੂਰਨ ਸਿੰਘ ਪਿੰਗਲਵਾੜਾ ਦੀ ਇੱਕ ਤਸਵੀਰ ਦੇ ਕੇ ਸਨਮਾਨਤ ਕੀਤਾ ਗਿਆ।

# ਸਰਪੰਚ ਜਸ਼ਨਦੀਪ ਬਾਵਾ ਨੂੰ ਇਨਸਾਫ਼ ਦਿਵਾਉਣ ਲਈ ਸੰਘਰਸ਼ ਕਮੇਟੀ ਦਾ ਗਠਨ

**• ਇਨਸਾਫ਼ ਮਿਲਣ ਉਪਰੰਤ ਹੋਏਗੀ ਅੰਤਿਮ ਅਰਦਾਸ • ਇਨਸਾਫ਼ ਨਾ ਮਿਲਣ 'ਤੇ ਅੱਜ ਕੀਤਾ ਜਾਵੇਗਾ ਲੱਖੋ ਕੇ ਬਹਿਰਾਮ ਥਾਣੇ ਦਾ ਘਿਰਾਓ**

**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**

ਬੀਤੇ 31 ਮਈ ਨੂੰ ਹਲਕਾ ਗੁਰੂ ਹਰਸਹਾਏ ਦੇ ਪਿੰਡ ਤਰਿੱਡਾ ਦੇ ਆਮ ਆਦਮੀ ਪਾਰਟੀ ਦੇ ਨੌਜਵਾਨ ਸਰਪੰਚ ਜਸ਼ਨਦੀਪ ਬਾਵਾ ਨੇ ਆਪਣੇ ਆਪ ਨੂੰ ਗੋਲੀ ਮਾਰ ਕੇ ਆਪਣੀ ਜੀਵਨ ਲੀਲ੍ਹਾ ਸਮਾਪਤ ਕਰ ਲਈ ਸੀ।ਸਰਪੰਚ ਦੀ ਖੁਦਕੁਸ਼ੀ ਮਾਮਲੇ ਨੇ ਸਿਆਸਤ ਵਿੱਚ ਭੁਚਾਲ ਲਿਆ ਦਿੱਤਾ ਹੈ, ਕਿਉਂਕਿ ਮਰਨ ਵਾਲਾ ਸਰਪੰਚ ਸੱਤਾਧਾਰੀ ਪਾਰਟੀ ਨਾਲ ਸਬੰਧਤ ਸੀ ਤੇ ਪਰਿਵਾਰ ਵੱਲੋਂ ਲਾਏ ਗਏ ਦੋਸ਼ਾਂ ਅਨੁਸਾਰ ਆਤਮ ਹੱਤਿਆ ਲਈ ਜ਼ਿੰਮੇਵਾਰ ਵਿਅਕਤੀ ਵੀ ਸੱਤਾਧਾਰੀ ਪਾਰਟੀ ਨਾਲ ਸਬੰਧਤ ਹਨ।ਜਸ਼ਨ ਜੋ ਕਿ ਭਲਵਾਨੀ ਕਰਦਾ ਸੀ ਤੇ ਉਸ ਵਿੱਚ ਆਪਣੇ ਪਿੰਡ ਦਾ ਵਿਕਾਸ ਕਰਨ ਦਾ ਜਜ਼ਬਾ ਸੀ।ਸਰਪੰਚੀ ਦੇ ਨਾਲ ਉਹ ਯੂ ਪੀ ਐੱਸ ਸੀ ਦੀ ਤਿਆਰੀ ਕਰ ਰਿਹਾ ਸੀ।

ਜਸ਼ਨ ਦੇ ਮਾਪਿਆਂ ਨੇ ਉਸ ਨੂੰ ਆਪਣੀ ਜੀਵਨ ਲੀਲ੍ਹਾ ਸਮਾਪਤ ਕਰਨ ਲਈ ਮਜਬੂਰ ਕਰਨ ਲਈ ਗੁਰੂ ਹਰਸਹਾਏ ਦੇ ਵਿਧਾਇਕ ਤੇ ਉਸ ਦੇ ਨਿੱਜੀ ਪੀਏ 'ਤੇ ਕਥਿਤ ਗੰਭੀਰ ਦੋਸ਼ ਲਾਏ ਹਨ। ਮੀਡੀਆ ਸਾਹਮਣੇ ਦਿੱਤੇ ਵਰਸ਼ਨ ਦੇ ਨਾਲ ਜਸ਼ਨ ਦੇ ਪਿਤਾ ਤਰਸੇਮ ਬਾਵਾ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੇ ਪੁੱਤ ਨੇ ਪੀਏ ਵੱਲੋਂ ਮਿਲ ਰਹੀਆਂ ਧਮਕੀਆਂ ਤੇ ਵਾਰ-ਵਾਰ ਹੋ ਰਹੇ ਆਰਥਿਕ ਸ਼ੋਸ਼ਣ ਕਾਰਨ ਆਤਮ ਹੱਤਿਆ ਕੀਤੀ ਹੈ। ਉਨ੍ਹਾਂ ਕਿਹਾ ਕਿ ਜਸ਼ਨ ਆਮ ਆਦਮੀ ਪਾਰਟੀ ਦਾ ਵਰਕਰ ਸੀ ਤੇ ਜੋ ਪਿਛਲੇ ਤਿੰਨ-ਸਾਢੇ ਤਿੰਨ ਸਾਲ ਤੋਂ ਹਲਕਾ ਵਿਧਾਇਕ ਨਾਲ ਜੁੜਿਆ ਹੋਇਆ ਸੀ।ਉਨ੍ਹਾਂ ਨੇ ਜਸ਼ਨ ਨੂੰ ਅਗਾਂਹਵਧੂ ਨੌਜਵਾਨ ਹੋਣ ਕਰਕੇ ਉਸ ਨੂੰ ਸਰਪੰਚ ਬਣਾਉਣ ਦਾ ਵਾਅਦਾ ਕੀਤਾ ਸੀ, ਪ੍ਰੰਤੂ ਚੋਣਾਂ ਸਮੇਂ ਉਸ ਤੋਂ ਪੈਸਿਆਂ ਦੀ ਮੰਗ ਕੀਤੀ ਗਈ। ਤਰਸੇਮ ਬਾਵਾ ਅਨੁਸਾਰ ਘਰ ਦੇ ਗਹਿਣੇ ਤੇ ਹੋਰ ਸੱਜਣਾਂ ਮਿੱਤਰਾਂ ਤੋਂ ਪੈਸੇ ਇਕੱਠੇ ਕਰਕੇ ਉਨ੍ਹਾਂ ਨੇ ਪੀਏ ਲਾਡੀ ਨੂੰ 10 ਲੱਖ ਰੁਪਏ ਦਿੱਤੇ ਸਨ।ਸਰਪੰਚ ਬਣਨ ਤੋਂ ਬਾਅਦ ਵੀ ਉਸ ਤੋਂ ਹੋਰ ਪੈਸਿਆਂ ਦੀ ਮੰਗ ਜਾਰੀ ਰਹੀ। ਉਨ੍ਹਾਂ ਦੱਸਿਆ ਕਿ ਜਸ਼ਨ ਨੂੰ ਸਰਪੰਚੀ ਦਾ ਸਰਟੀਫਿਕੇਟ ਦੇਣ ਵਾਸਤੇ 3 ਲੱਖ ਰੁਪਏ ਹੋਰ ਲੈ ਗਏ।ਇਸ ਤੋਂ ਇਲਾਵਾ ਪੰਚਾਇਤੀ ਜ਼ਮੀਨ ਦੀ ਬੋਲੀ ਕਰਾਉਣ ਬਦਲੇ ਵੀ 2 ਲੱਖ ਰੁਪਏ ਠੱਗੇ ਗਏ। ਜਸ਼ਨ ਦੇ ਪਿਤਾ ਅਨੁਸਾਰ ਪੈਸੇ ਦੇਣ ਤੋਂ ਬਾਅਦ ਵੀ ਉਸ ਨੂੰ ਸਰਪੰਚੀ ਨਹੀਂ ਕਰਨ ਦਿੱਤੀ ਜਾ ਰਹੀ, ਜਿਸ ਕਰਕੇ ਉਹ ਤਨਾਅ ਵਿੱਚ ਸੀ ਤੇ ਉਸ ਨੇ ਇਸ ਤਨਾਅ ਦੇ ਚੱਲਦੇ ਹੀ ਇਹ ਖੌਫ਼ਨਾਕ ਕਦਮ ਚੁੱਕਿਆ।ਜਸ਼ਨ ਨੂੰ ਇਨਸਾਫ ਦਿਵਾਉਣ ਲਈ ਉਸ ਦੇ ਸਰਪੰਚ ਸਾਥੀਆਂ, ਇੰਨਸਾਫ ਪਸੰਦ ਲੋਕਾਂ, ਮਿੱਤਰਾਂ ਤੇ ਰਿਸ਼ਤੇਦਾਰਾਂ ਵੱਲੋਂ ਕੈਂਡਲ ਮਾਰਚ ਕੱਢਿਆ ਗਿਆ ਤੇ ਹੁਣ ਜਸ਼ਨ ਨੂੰ ਇਨਸਾਫ ਦਿਵਾਉਣ ਲਈ ਸਰਪੰਚ ਜਸ਼ਨ ਬਾਵਾ ਇੰਨਸਾਫ ਕਮੇਟੀ ਦਾ ਗਠਨ ਕੀਤਾ ਗਿਆ ਹੈ, ਜਿਸ ਵਿੱਚ ਇਲਾਕੇ ਦੀਆਂ ਤੀਹ ਤੋਂ ਵੱਧ ਜਥੇਬੰਦੀਆਂ ਸ਼ਾਮਲ ਹਨ। ਜਥੇਬੰਦੀਆਂ ਨੇ ਨੌਜਵਾਨ ਨੂੰ ਇੰਨਸਾਫ਼ ਦਿਵਾਉਣ ਲਈ ਇਕੱਠੇ ਹੋ ਕੇ ਸੰਘਰਸ਼ ਵਿੱਢਣ ਦਾ ਐਲਾਨ ਕੀਤਾ ਹੈ।ਕਮੇਟੀ ਵੱਲੋਂ ਫਿਰੋਜ਼ਪੁਰ ਦੇ ਐੱਸ ਐੱਸ ਪੀ ਨੂੰ ਇਸ ਕਤਲ ਸਬੰਧੀ ਐੱਫ ਆਈ ਆਰ ਦਰਜ ਕਰਨ ਲਈ ਇੱਕ ਅਰਜ਼ੀ ਦਿੱਤੀ ਗਈ ਹੈ ਤੇ ਨਾਲ ਹੀ ਐਲਾਨ ਕੀਤਾ ਹੈ ਕਿ ਜਦੋਂ ਤੱਕ ਦੋਸ਼ੀਆਂ 'ਤੇ ਪਰਚਾ ਦਰਜ ਨਹੀਂ ਹੁੰਦਾ, ਉਦੋਂ ਤੱਕ ਜਸ਼ਨ ਨਮਿੱਤ ਅੰਤਿਮ ਅਰਦਾਸ ਨਹੀਂ ਹੋਵੇਗੀ, ਜੇਕਰ ਦੋਸ਼ੀਆਂ 'ਤੇ 8 ਜੂਨ ਤੱਕ ਕਾਰਵਾਈ ਨਹੀਂ ਹੋਈ ਤਾਂ ਸੋਮਵਾਰ ਨੂੰ ਲੱਖੋ ਕੇ ਬਹਿਰਾਮ ਥਾਣੇ ਦਾ ਘਿਰਾਓ ਕੀਤਾ ਜਾਵੇਗਾ।

## ਪੁਰਾਣੀ ਪੈਨਸ਼ਨ ਬਹਾਲੀ ਸਬੰਧੀ 12 ਨੂੰ ਲੁਧਿਆਣਾ 'ਚ ਝੰਡਾ ਮਾਰਚ : ਹੀਰੇਵਾਲਾ

**ਮਾਨਸਾ (ਆਤਮਾ ਸਿੰਘ ਪਮਾਰ)**-ਸੀ ਪੀ ਐੱਫ ਕਰਮਚਾਰੀ ਯੂਨੀਅਨ ਜ਼ਿਲ੍ਹਾ ਮਾਨਸਾ ਦੀ ਇੱਕ ਜ਼ਰੂਰੀ ਮੀਟਿੰਗ ਸਥਾਨਕ ਬਾਲ ਭਵਨ ਵਿਖੇ ਹੋਈ। ਮੀਟਿੰਗ ਦੌਰਾਨ ਜ਼ਿਲ੍ਹਾ ਪ੍

8-JUNE-PAGE-5.qxd 6/7/2025 10:58 PM Page 1



# ਆਸ਼ੂ ਮੋਗਾ ਕਤਲ ਮਾਮਲੇ 'ਚ ਪੁਲਸ ਨੂੰ ਵੱਡੀ ਸਫਲਤਾ

## ਗੈਂਗਸਟਰਾਂ ਨੇ ਪੁਲਸ 'ਤੇ ਕੀਤੀ ਫਾਇਰਿੰਗ, ਜਵਾਬੀ ਕਾਰਵਾਈ 'ਚ ਤਿੰਨ ਜ਼ਖਮੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਫਿਰੋਜ਼ਪੁਰ ਦੇ ਮਖੂ ਗੇਟ ਇਲਾਕੇ ਵਿੱਚ ਬੀਤੇ ਦਿਨ ਹੋਈ ਗੈਂਗਵਾਰ ਵਿੱਚ ਆਸ਼ੂ ਮੋਗਾ ਨਾਮਕ ਨੌਜਵਾਨ ਦੇ ਕਤਲ ਦੇ ਮਾਮਲੇ ਵਿੱਚ ਪੰਜਾਬ ਪੁਲਸ ਤੇ ਕਾਊਂਟਰ ਇੰਟੈਲੀਜੈਂਸ ਵਿੰਗ ਫਿਰੋਜ਼ਪੁਰ ਨੇ ਸੰਯੁਕਤ ਆਪ੍ਰੇਸ਼ਨ ਚਲਾ ਕੇ ਵੱਡੀ ਸਫਲਤਾ ਹਾਸਲ ਕੀਤੀ ਹੈ। ਫਿਰੋਜ਼ਪੁਰ ਰੇਂਜ ਦੇ ਡੀਆਈਜੀ ਹਰਮਨਬੀਰ ਸਿੰਘ ਗਿੱਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਮਾਮਲੇ ਵਿੱਚ ਤਿੰਨ ਮੁਲਜ਼ਮਾਂ ਨੂੰ ਕਾਬੂ ਕਰ ਲਿਆ ਗਿਆ ਹੈ, ਜਦਕਿ ਦੋ ਵਿਅਕਤੀਆਂ ਨੂੰ ਪਹਿਲਾਂ ਹੀ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਬੀਤੀ ਰਾਤ ਪੁਲਸ ਪਾਰਟੀਆਂ ਨੇ ਫਿਰੋਜ਼ਪੁਰ-ਮੋਗਾ ਰੋਡ 'ਤੇ ਰੱਤਾ ਖੇੜਾ ਨਹਿਰ ਨੇੜੇ ਨਾਕਾਬੰਦੀ ਦੌਰਾਨ ਮੁਲਜ਼ਮਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ।

ਇਸ ਦੌਰਾਨ ਮੁਲਜ਼ਮਾਂ ਨੇ ਪੁਲਸ 'ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਜਵਾਬੀ ਕਾਰਵਾਈ ਵਿੱਚ ਪੁਲਸ ਨੇ ਵੀ ਫਾਇਰਿੰਗ ਕੀਤੀ, ਜਿਸ ਵਿੱਚ ਤਿੰਨ ਮੁਲਜ਼ਮਾਂ ਨੂੰ ਚਾਰ ਗੋਲੀਆਂ ਲੱਗੀਆਂ ਤੇ ਉਹ ਜ਼ਖਮੀ ਹੋ ਗਏ। ਡੀਆਈਜੀ ਹਰਮਨਬੀਰ ਸਿੰਘ ਗਿੱਲ ਨੇ ਦੱਸਿਆ ਕਿ ਜ਼ਖਮੀ ਮੁਲਜ਼ਮਾਂ ਦੀ ਪਛਾਣ ਸੋਨੂ, ਗੁਰਜਿੰਦਰ ਸਿੰਘ ਉਰਫ਼ ਗੌੜਾ ਤੇ ਅਮਰਜੀਤ ਸਿੰਘ ਵਜੋਂ ਹੋਈ ਹੈ, ਜੋ ਇਸ ਘਟਨਾ ਵਿੱਚ ਮੁੱਖ ਸ਼ੂਟਰ ਸਨ। ਪੁਲਸ ਨੇ ਇਨ੍ਹਾਂ ਨੂੰ ਕਾਬੂ ਕਰਕੇ ਇਲਾਜ ਲਈ ਫਿਰੋਜ਼ਪੁਰ ਦੇ ਹਸਪਤਾਲ ਵਿੱਚ ਦਾਖਲ ਕਰਵਾਇਆ ਹੈ। ਉਨ੍ਹਾਂ ਕੋਲੋਂ ਘਟਨਾ ਵਿੱਚ ਵਰਤੇ ਗਏ ਚਾਰ ਪਿਸਤੌਲ, ਇੱਕ ਸਫੈਦ ਰੰਗ ਦੀ ਐਕਟਿਵਾ ਸਕੂਟਰੀ ਤੇ ਇੱਕ ਮੋਟਰਸਾਈਕਲ ਬਰਾਮਦ ਕੀਤਾ ਗਿਆ ਹੈ। ਇਸ ਤੋਂ ਇਲਾਵਾ, ਪੁਲਸ ਨੇ ਇਸ ਮਾਮਲੇ ਵਿੱਚ ਦੋਵਾਂ ਧਿਰਾਂ ਖਿਲਾਫ ਵੱਖ-ਵੱਖ ਧਾਰਾਵਾਂ ਅਧੀਨ ਕਰਾਸ ਕੇਸ ਦਰਜ ਕੀਤੇ ਹਨ। ਡੀਆਈਜੀ ਨੇ ਕਿਹਾ ਕਿ ਇਸ ਘਟਨਾ ਨੇ ਫਿਰੋਜ਼ਪੁਰ ਸ਼ਹਿਰ ਵਿੱਚ ਸਨਸਨੀ ਫੈਲਾਅ ਦਿੱਤੀ ਸੀ, ਜਦੋਂ ਮਖੂ ਗੇਟ ਇਲਾਕੇ ਵਿੱਚ ਆਸ਼ੂ ਮੋਗਾ ਨਾਮਕ ਨੌਜਵਾਨ ਦਾ ਕਤਲ ਕਰ ਦਿੱਤਾ ਗਿਆ। ਪੁਲਸ ਨੇ ਤੁਰੰਤ ਜਾਂਚ ਸ਼ੁਰੂ ਕੀਤੀ ਤੇ ਸੂਚਨਾਵਾਂ ਦੇ ਆਧਾਰ 'ਤੇ ਮੁਲਜ਼ਮਾਂ ਦਾ ਪਿੱਛਾ ਕੀਤਾ। ਉਨ੍ਹਾਂ ਦੱਸਿਆ ਕਿ ਬੀਤੀ ਰਾਤ ਫਿਰੋਜ਼ਪੁਰ-ਮੋਗਾ ਰੋਡ 'ਤੇ ਰੱਤਾ ਖੇੜਾ ਨੇੜੇ ਨਾਕਾਬੰਦੀ ਦੌਰਾਨ ਮੁਲਜ਼ਮਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਗਈ, ਪਰ ਉਨ੍ਹਾਂ ਪੁਲਸ 'ਤੇ ਹਮਲਾ ਕਰ ਦਿੱਤਾ। ਜਵਾਬੀ ਫਾਇਰਿੰਗ ਵਿੱਚ ਤਿੰਨ ਮੁਲਜ਼ਮ ਜ਼ਖਮੀ ਹੋਏ, ਜਿਨ੍ਹਾਂ ਨੂੰ ਕਾਬੂ ਕਰ ਲਿਆ ਗਿਆ। ਉਨ੍ਹਾਂ ਕਿਹਾ ਕਿ ਪੰਜਾਬ ਪੁਲਸ ਤੇ ਕਾਊਂਟਰ ਇੰਟੈਲੀਜੈਂਸ ਵਿੰਗ ਮਿਲ ਕੇ ਇਸ ਗੈਂਗ ਦਾ ਪੂਰੀ ਤਰ੍ਹਾਂ ਸਫਾਇਆ ਕਰਨ ਲਈ ਵਚਨਬੱਧ ਹਨ। ਡੀਆਈਜੀ ਹਰਮਨਬੀਰ ਸਿੰਘ ਗਿੱਲ ਨੇ ਸਪੱਸ਼ਟ ਕੀਤਾ ਕਿ ਇਸ ਮਾਮਲੇ ਵਿੱਚ ਸ਼ਾਮਲ ਸਾਰੇ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਜਾਵੇਗਾ ਤੇ ਬਾਕੀ ਬਚੀ ਰਿਕਵਰੀ ਵੀ ਜਲਦ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਪੁਲਸ ਅਪਰਾਧ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰੇਗੀ ਤੇ ਇਲਾਕੇ ਵਿੱਚ ਅਮਨ-ਸ਼ਾਂਤੀ ਬਣਾਈ ਰੱਖਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ। ਇਸ ਆਪ੍ਰੇਸ਼ਨ ਵਿੱਚ ਫਿਰੋਜ਼ਪੁਰ ਦੇ ਐੱਸ ਐੱਸ ਪੀ ਭੂਪਿੰਦਰ ਸਿੰਘ ਤੇ ਹੋਰ ਪੁਲਸ ਅਧਿਕਾਰੀ ਮੌਕੇ 'ਤੇ ਮੌਜੂਦ ਸਨ।

ਡੀਆਈਜੀ ਪੰਜਾਬ ਪੁਲਸ ਹਰਮਨਬੀਰ ਸਿੰਘ ਗਿੱਲ ਪੁਲਸ ਤੇ ਗੈਂਗਸਟਰਾਂ ਵਿਚਕਾਰ ਹੋਈ ਮੁੱਠਭੇੜ ਸੰਬੰਧੀ ਜਾਣਕਾਰੀ ਦਿੰਦੇ ਹੋਏ।

# ਛੱਤੀਸਗੜ੍ਹ ਪੁਲਸ ਹਿਰਾਸਤ 'ਚ ਲਏ ਮਾਓਵਾਦੀ ਨੇਤਾਵਾਂ ਨੂੰ ਅਦਾਲਤ ਸਾਹਮਣੇ ਪੇਸ਼ ਕਰੇ : ਇਨਕਲਾਬੀ ਕੇਂਦਰ

**ਲੁਧਿਆਣਾ (ਰੈਕਟਰ ਕਥੂਰੀਆ)**

ਛੱਤੀਸਗੜ੍ਹ ਦੀ ਪੁਲਸ ਨੇ ਮਾਓਵਾਦੀ ਨੇਤਾ ਬੰਡੀ ਪ੍ਰਕਾਸ਼ ਤੇ ਦਰਜਨ ਤੋਂ ਵੱਧ ਹੋਰ ਮਾਓਵਾਦੀ ਨੇਤਾਵਾਂ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਇਨਕਲਾਬੀ ਕੇਂਦਰ ਪੰਜਾਬ ਨੇ ਮੰਗ ਕੀਤੀ ਹੈ ਕਿ ਛੱਤੀਸਗੜ੍ਹ ਪੁਲਸ ਤੁਰੰਤ ਗ੍ਰਿਫਤਾਰ ਕੀਤੇ ਇਨ੍ਹਾਂ ਮਾਓਵਾਦੀ ਨੇਤਾਵਾਂ ਨੂੰ ਅਦਾਲਤ ਸਾਹਮਣੇ ਤੁਰੰਤ ਪੇਸ਼ ਕਰੇ। ਇਨਕਲਾਬੀ ਕੇਂਦਰ ਪੰਜਾਬ ਦੇ ਪ੍ਰਧਾਨ ਸਾਥੀ ਨਰਾਇਣ ਦੱਤ ਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਕਿਹਾ ਕਿ ਤੇਲੰਗਾਨਾ ਸਿਵਲ ਰਾਈਟਸ ਐਸੋਸੀਏਸ਼ਨ ਤੇ ਤੇਲੰਗਾਨਾ ਸਿਵਲ ਲਿਬਰਟੀਜ਼ ਕਮੇਟੀ ਵੱਲੋਂ ਜਨਤਕ ਕੀਤੀ ਗਈ ਜਾਣਕਾਰੀ ਅਨੁਸਾਰ, ਇਹ ਨੇਤਾ ਕੱਲ੍ਹ ਬੀਜਾਪੁਰ ਦੇ ਇੰਦਰਾਵਤੀ ਨੈਸ਼ਨਲ ਪਾਰਕ ਖੇਤਰ ਦੇ ਇੱਕ ਪਿੰਡ ਤੋਂ ਗ੍ਰਿਫਤਾਰ ਕੀਤੇ ਗਏ ਸਨ। ਆਗੂਆਂ ਨੇ ਚਿੰਤਾ ਜ਼ਾਹਰ ਕੀਤੀ ਕਿ ਭਾਜਪਾ ਸਰਕਾਰ ਵੱਲੋਂ 26 ਮਾਰਚ 2025 ਤੱਕ ਭਾਰਤ ਨੂੰ 'ਨਕਸਲ-ਮੁਕਤ' ਬਣਾਉਣ ਦੇ ਫਾਸ਼ਿਸ਼ਟ ਟੀਚੇ ਦੇ ਮੱਦੇਨਜ਼ਰ, ਛੱਤੀਸਗੜ੍ਹ ਤੇ ਝਾਰਖੰਡ ਵਿੱਚ ਮਾਓਵਾਦੀ ਨੇਤਾਵਾਂ ਤੇ ਆਦਿਵਾਸੀਆਂ ਨੂੰ ਝੂਠੇ ਮੁਕਾਬਲਿਆਂ ਵਿੱਚ ਮਾਰਿਆ ਜਾ ਰਿਹਾ ਹੈ। ਇਸ ਗੱਲ ਦਾ ਖਤਰਾ ਹੈ ਕਿ ਇਹ ਗ੍ਰਿਫਤਾਰ ਨੇਤਾਵਾਂ ਨੂੰ ਵੀ ਅਜਿਹੇ ਨਕਲੀ ਮੁਕਾਬਲਿਆਂ ਵਿੱਚ ਮਾਰ ਦਿੱਤਾ ਜਾ ਸਕਦਾ ਹੈ। ਸਿਰਫ ਦੋ ਦਿਨ ਪਹਿਲਾਂ, ਸੀਪੀਆਈ (ਮਾਓਵਾਦੀ) ਦੇ ਕੇਂਦਰੀ ਕਮੇਟੀ ਮੈਂਬਰ ਸੁਧਾਕਰ ਤੇ ਇੱਕ ਹੋਰ ਸੀਨੀਅਰ ਨੇਤਾ ਭਾਸਕਰ ਨੂੰ ਗ੍ਰਿਫਤਾਰ ਕਰਨ ਤੋਂ ਬਾਅਦ ਮੁਕਾਬਲੇ ਵਿੱਚ ਮਾਰ ਦਿੱਤੇ ਗਏ ਦਿਖਾਇਆ ਗਿਆ ਸੀ। ਜਨਵਰੀ 2025 ਤੋਂ ਲੈ ਕੇ ਹੁਣ ਤੱਕ, ਬਸਤਰ ਖੇਤਰ ਵਿੱਚ ਅਜਿਹੇ 'ਮੁਕਾਬਲਿਆਂ' ਦੇ ਨਾਂ 'ਤੇ 150 ਤੋਂ ਵੱਧ ਮਾਓਵਾਦੀਆਂ ਤੇ ਆਦਿਵਾਸੀਆਂ ਨੂੰ ਕਥਿਤ ਪੁਲਸ ਮੁਕਾਬਲੇ 'ਚ ਮਾਰਿਆ ਗਿਆ ਹੈ। ਇਨਕਲਾਬੀ ਕੇਂਦਰ ਪੰਜਾਬ ਦੇ ਆਗੂਆਂ ਮੁਖਤਿਆਰ ਪੂਹਲਾ, ਜਗਜੀਤ ਸਿੰਘ ਲਹਿਰਾ ਮੁਹੱਬਤ ਤੇ ਜਸਵੰਤ ਜੀਰਖ ਨੇ ਮੰਗ ਕੀਤੀ ਕਿ ਸਾਰੇ ਗ੍ਰਿਫਤਾਰ ਮਾਓਵਾਦੀ ਨੇਤਾਵਾਂ ਤੇ ਕਾਰਕੁਨਾਂ ਦੀ ਜਾਨ ਦੀ ਸੁਰੱਖਿਆ ਕੀਤੀ ਜਾਵੇ, ਉਨ੍ਹਾਂ ਦੀ ਤੁਰੰਤ ਮੈਡੀਕਲ ਜਾਂਚ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇ। ਜੇਕਰ ਉਨ੍ਹਾਂ 'ਤੇ ਕੋਈ ਅਪਰਾਧਿਕ ਮਾਮਲੇ ਦਰਜ ਹਨ, ਤਾਂ ਦੋਸ਼ਾਂ ਨੂੰ ਸਾਬਿਤ ਕਰਨ ਲਈ ਕਾਨੂੰਨੀ ਪ੍ਰਕਿਰਿਆ ਦੀ ਪਾਲਣਾ ਕੀਤੀ ਜਾਵੇ।

ਸੁਪਰੀਮ ਕੋਰਟ ਨੂੰ ਇਸ ਗੰਭੀਰ ਮਸਲੇ ਦਾ ਸਵੈ ਨੋਟਿਸ ਲੈਂਦਿਆਂ ਛੱਤੀਸਗੜ੍ਹ ਪੁਲਸ ਨੂੰ ਨਰਸੰਘਾਰ ਨੂੰ ਖਤਮ ਕਰਨ ਦੇ ਨਿਰਦੇਸ਼ ਦੇਣੇ ਚਾਹੀਦੇ ਹਨ। ਆਗੂਆਂ ਨੇ ਆਪ੍ਰੇਸ਼ਨ ਕਾਗਰ ਨੂੰ ਖਤਮ ਕਰਨ ਦੀ ਵੀ ਮੰਗ ਕੀਤੀ ਤੇ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਉਹ ਕਾਰਪੋਰੇਟ ਪੱਖੀ ਨੀਤੀਆਂ ਨੂੰ ਥੋਪਣ ਰਾਹੀਂ ਬੇਸ਼ਕੀਮਤੀ ਖਣਿਜ ਪਦਾਰਥਾਂ ਨਾਲ ਭਰਪੂਰ ਜੰਗਲਾਂ ਨੂੰ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਦੀ ਨੀਤੀ ਤਹਿਤ ਲੱਖਾਂ ਆਦਿਵਾਸੀਆਂ ਦਾ ਉਜਾੜਾ ਬੰਦ ਕਰੇ।

# ਮੁੱਖ ਮੰਤਰੀ ਨੇ ਸਮਾਣਾ ਪਹੁੰਚ ਕੇ ਪੀੜਤ ਪਰਵਾਰਾਂ ਨਾਲ ਦੁੱਖ ਵੰਡਾਇਆ

- ਪਰਵਾਰਾਂ ਨੂੰ ਹਰ ਹਾਲ 'ਚ ਇਨਸਾਫ ਮਿਲੇਗਾ
- ਚਾਰ-ਮਾਰਗੀ ਹੋਵੇਗੀ ਸਮਾਣਾ-ਪਾਤੜਾਂ ਸੜਕ, ਬੱਚਿਆਂ ਦੀ ਯਾਦ 'ਚ ਪਾਰਕ ਬਣਾਉਣ ਦਾ ਐਲਾਨ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਭਿਆਨਕ ਸੜਕ ਹਾਦਸੇ ਵਿੱਚ ਜਾਨ ਗੁਆਉਣ ਵਾਲੇ 7 ਬੱਚਿਆਂ ਦੇ ਪੀੜਤ ਮਾਪਿਆਂ ਨੂੰ ਅੱਜ ਇਨਸਾਫ ਦਿਵਾਉਣ ਦਾ ਭਰੋਸਾ ਦਿੱਤਾ।ਇਸ ਦੇ ਨਾਲ ਹੀ ਉਨ੍ਹਾਂ ਨੇ ਜਾਂਚ ਵਿੱਚ ਰੁਕਾਵਟਾਂ ਖੜ੍ਹੀਆਂ ਕਰਨ ਦੀ ਕੋਸ਼ਿਸ਼ ਕਰਨ ਵਾਲਿਆਂ ਖਿਲਾਫ ਸਖ਼ਤ ਕਾਰਵਾਈ ਕਰਨ ਦਾ ਐਲਾਨ ਕੀਤਾ। ਪੀੜਤ ਪਰਵਾਰਾਂ ਨਾਲ ਦੁੱਖ ਵੰਡਾਉਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਮੰਦਭਾਗੀ ਘਟਨਾ ਵਿੱਚ ਹੋਣਹਾਰ ਵਿਦਿਆਰਥੀ ਸਾਥੋਂ ਹਮੇਸ਼ਾ ਲਈ ਵਿੱਛੜ ਗਏ।ਉਨ੍ਹਾਂ ਨੇ ਇਸ ਹਾਦਸੇ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਦੱਸਦਿਆਂ ਦੁੱਖ ਜ਼ਾਹਰ ਕੀਤਾ।ਭਗਵੰਤ ਸਿੰਘ ਮਾਨ ਨੇ ਭਰੋਸਾ ਦਿਵਾਇਆ ਕਿ ਸੂਬਾ ਸਰਕਾਰ ਗਮਗੀਨ ਪਰਿਵਾਰਾਂ ਦੇ ਨਾਲ ਡੱਟ ਕੇ ਖੜ੍ਹੀ ਹੈ ਅਤੇ ਇਨਸਾਫ ਦਿਵਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।ਮੁੱਖ ਮੰਤਰੀ ਨੇ ਦ੍ਰਿੜ੍ਹਤਾ ਨਾਲ ਕਿਹਾ ਕਿ ਇਸ ਦਿਲ ਕੰਬਾਊ ਹਾਦਸੇ ਲਈ ਜ਼ਿੰਮੇਵਾਰ ਵਿਅਕਤੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ ਤੇ ਇਨ੍ਹਾਂ ਵਿਰੁੱਧ ਮਿਸਾਲੀ ਕਾਰਵਾਈ ਕੀਤੀ ਜਾਵੇਗੀ।ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਕੇਸ ਨੂੰ ਲਮਕਾਉਣ ਤੇ ਇਨਸਾਫ ਵਿੱਚ ਅੜਿੱਕੇ ਖੜ੍ਹੇ ਕਰਨ ਦੀ ਕੋਸ਼ਿਸ਼ ਕਰਨ ਵਾਲੇ ਭਾਵੇਂ ਕਿੰਨੇ ਹੀ ਅਸਰ-ਰਸੂਖ ਵਾਲੇ ਹੀ ਕਿਉਂ ਨਾ ਹੋਣ, ਨੂੰ ਸਜ਼ਾ ਦਾ ਸਾਹਮਣਾ ਕਰਨਾ ਪਵੇਗਾ।ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਜਿਹਾ ਕਰਨਾ ਘਿਨਾਉਣਾ ਜੁਰਮ ਹੈ ਤੇ ਇਸ ਦੇ ਦੋਸ਼ੀਆਂ ਨੂੰ ਸਜ਼ਾ ਮਿਲਣ ਨਾਲ ਬਾਕੀਆਂ ਨੂੰ ਸਬਕ ਮਿਲੇਗਾ। ਇਸ ਦੌਰਾਨ ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਸੂਬਾ ਸਰਕਾਰ ਗੈਰ-ਕਾਨੂੰਨੀ ਮਾਈਨਿੰਗ ਤੇ ਓਵਰਲੋਡ ਵਾਹਨਾਂ ਵਿਰੁੱਧ ਕਾਰਵਾਈ ਲਈ ਵਿਸ਼ੇਸ਼ ਮੁਹਿੰਮ ਸ਼ੁਰੂ ਕਰੇਗੀ।ਉਨ੍ਹਾਂ ਕਿਹਾ ਕਿ ਪੁਲਸ ਤੇ ਟਰਾਂਸਪੋਰਟ ਵਿਭਾਗਾਂ ਨੂੰ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ।ਭਗਵੰਤ ਸਿੰਘ ਮਾਨ ਨੇ ਇਨ੍ਹਾਂ ਅਪਰਾਧਾਂ ਨੂੰ ਨਾ-ਮੁਆਫ ਕਰਨ ਯੋਗ ਦੱਸਦਿਆਂ ਕਿਹਾ ਕਿ ਸਰਕਾਰ ਕਿਸੇ ਨੂੰ ਵੀ ਆਮ ਲੋਕਾਂ ਦੀ ਜਾਨ ਨੂੰ ਖਤਰੇ ਵਿੱਚ ਪਾਉਣ ਦੀ ਇਜਾਜ਼ਤ ਨਹੀਂ ਦੇਵੇਗੀ।ਹਾਦਸੇ ਵਿੱਚ ਵਿਛੜਣ ਵਾਲਿਆਂ ਨੂੰ ਸ਼ਰਧਾਂਜਲੀ ਦਿੰਦੇ ਹੋਏ ਮੁੱਖ ਮੰਤਰੀ ਨੇ ਮ੍ਰਿਤਕ ਬੱਚਿਆਂ ਦੀ ਯਾਦ ਵਿੱਚ ਪਾਰਕ ਬਣਾਉਣ ਦਾ ਵੀ ਐਲਾਨ ਕੀਤਾ।ਉਨ੍ਹਾਂ ਕਿਹਾ ਕਿ ਇਹ ਯਾਦਗਾਰ ਦੁਖਦਾਈ ਹਾਦਸੇ ਦੇ ਪੀੜਤ ਵਿਦਿਆਰਥੀਆਂ ਪ੍ਰਤੀ ਸ਼ਰਧਾਂਜਲੀ ਹੋਵੇਗੀ।ਇਸ ਤੋਂ ਇਲਾਵਾ ਭਗਵੰਤ ਸਿੰਘ ਮਾਨ ਨੇ ਐਲਾਨ ਕੀਤਾ ਕਿ ਸਮਾਣਾ ਤੋਂ ਪਾਤੜਾਂ ਤੱਕ ਮੌਜੂਦਾ ਸੜਕ ਨੂੰ ਚਾਰ-ਮਾਰਗੀ ਸੜਕ ਵਜੋਂ ਅਪਗ੍ਰੇਡ ਕੀਤਾ ਜਾਵੇਗਾ।ਮੁੱਖ ਮੰਤਰੀ ਨੇ ਕਿਹਾ ਕਿ ਆਵਾਜਾਈ ਜ਼ਿਆਦਾ ਹੋਣ ਕਾਰਨ ਇਸ ਸੜਕ 'ਤੇ ਅਕਸਰ ਹਾਦਸੇ ਵਾਪਰਦੇ ਹਨ, ਜਿਸ ਨਾਲ ਲੋਕਾਂ ਦੀ ਸੁਰੱਖਿਆ ਲਈ ਇੱਥੋਂ ਦੇ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨਾ ਜ਼ਰੂਰੀ ਹੋ ਜਾਂਦਾ ਹੈ।

ਉਨ੍ਹਾਂ ਨੇ ਇਹ ਵੀ ਐਲਾਨ ਕੀਤਾ ਕਿ ਸਮਾਣਾ ਦੇ ਸਰਕਾਰੀ ਹਸਪਤਾਲ ਨੂੰ ਅੱਪਗ੍ਰੇਡ ਕੀਤਾ ਜਾਵੇਗਾ ਤੇ ਅਤਿ-ਆਧੁਨਿਕ ਬੁਨਿਆਦੀ ਢਾਂਚੇ ਨਾਲ ਲੈਸ ਕੀਤਾ ਜਾਵੇਗਾ।ਭਗਵੰਤ ਸਿੰਘ ਮਾਨ ਨੇ ਕਿਹਾ ਕਿ ਐਮਰਜੈਂਸੀ ਮੈਡੀਕਲ ਸੇਵਾਵਾਂ ਨੂੰ ਮਜ਼ਬੂਤ ਕਰਨ ਲਈ ਇਲਾਕੇ ਦੀਆਂ ਸਿਹਤ ਸੰਭਾਲ ਸੇਵਾਵਾਂ ਵਿੱਚ ਸੱਤ ਨਵੀਆਂ ਐਂਬੂਲੈਂਸਾਂ ਸ਼ਾਮਲ ਕੀਤੀਆਂ ਜਾਣਗੀਆਂ।

## ਕਾਤਰਾਂ

### ਹਾਈ ਸਕਿਉਰਟੀ ਨੰਬਰ ਪਲੇਟਾਂ ਲਗਾਈਆਂ ਜਾਣ : ਨਿਰਭੈ ਸਿੰਘ

**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਟ੍ਰੈਫਿਕ ਪੁਲਸ ਸੁਨਾਮ ਏਐੱਸਆਈ ਨਿਰਭੈ ਸਿੰਘ ਇੰਚਾਰਜ ਟ੍ਰੈਫਿਕ ਪੁਲਸ ਸੁਨਾਮ ਨੇ ਸੁਨਾਮ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਸਾਰੇ ਪ੍ਰਾਈਵੇਟ ਜਾਂ ਕਮਰਸ਼ੀਅਲ ਵਹੀਕਲਾਂ 'ਤੇ ਹਾਈ ਸਕਿਉਰਟੀ ਨੰਬਰ ਪਲੇਟਾਂ ਲਗਾਈਆਂ ਜਾਣ, ਨਹੀਂ ਤਾਂ ਟ੍ਰੈਫਿਕ ਪੁਲਸ ਵੱਲੋਂ ਉਨ੍ਹਾ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇਗੀ, ਜਿਸ ਵਿਅਕਤੀ ਨੇ ਵਹੀਕਲ ਖਰੀਦ ਕੇ ਆਪਣੇ ਨਾਮ ਨਹੀਂ ਕਰਵਾਇਆ, ਉਹ ਵੀ ਉਹ ਵਹੀਕਲ ਆਪ ਦੇ ਨਾਮ ਕਰਵਾ ਲੈਣ, ਕਿਉਂਕਿ ਵਹੀਕਲ ਤੁਹਾਡੇ ਨਾਮ ਹੋਣਾ ਜ਼ਰੂਰੀ ਹੈ ਤਾਂ ਹੀ ਜੋ ਤੁਸੀਂ ਉਸ ਵਹੀਕਲ ਦੇ ਮਾਲਕ ਹੋ ਸਕਦੇ ਹੋ, ਨਹੀਂ ਤਾਂ 207 ਵਹੀਕਲ ਐਕਟ ਤਹਿਤ ਕਾਰਵਾਈ ਕੀਤੀ ਜਾਵੇਗੀ।

### ਸੁੱਖ-ਸ਼ਾਂਤੀ ਤੇ ਚੜ੍ਹਦੀ ਕਲਾ ਲਈ ਚੌਲਾਂ ਦਾ ਭੰਡਾਰਾ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਇਲਾਕੇ ਦੀ ਸੁੱਖ-ਸ਼ਾਂਤੀ ਤੇ ਚੜ੍ਹਦੀ ਕਲਾ ਲਈ ਡੇਰਾ ਬਾਬਾ ਬਹਾਲੀ ਰਾਮ ਜੀ ਲਹਿਰਾ ਮੁਹੱਬਤ ਵੱਲੋਂ ਨਗਰ ਵਾਸੀਆਂ ਦੇ ਸਹਿਯੋਗ ਨਾਲ ਮਿੱਠੇ ਚੌਲਾਂ ਦਾ ਭੰਡਾਰਾ ਕੀਤਾ ਗਿਆ। ਡੇਰੇ ਦੇ ਸੰਚਾਲਕ ਬਾਬਾ ਤੇਜ ਰਾਮ ਜੀ ਵੱਲੋਂ ਸਰਬੱਤ ਦੇ ਭਲੇ ਦੀ ਅਰਦਾਸ ਉਪਰੰਤ ਗੁਰਦੁਆਰਾ ਪਾਤਸ਼ਾਹੀ ਛੇਵੀਂ ਦੇ ਮੁੱਖ ਗ੍ਰੰਥੀ ਭਾਈ ਭੋਲਾ ਸਿੰਘ, ਗੁਰਦੁਆਰਾ ਪਾਤਸ਼ਾਹੀ ਸੱਤਵੀਂ ਦੇ ਮੁੱਖ ਗ੍ਰੰਥੀ ਭਾਈ ਗੁਰਦੀਪ ਸਿੰਘ ਸਮੇਤ ਹੋਰ ਪੁੱਜੀਆਂ ਸ਼ਖਸੀਅਤਾਂ ਨੂੰ ਸਿਰੋਪਾਓ ਭੇਟ ਕੀਤੇ ਗਏ। ਭੰਡਾਰੇ ਵਿੱਚ ਨਗਰ ਤੇ ਆਸ-ਪਾਸ ਦੀਆਂ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਸੇਵਾਦਾਰਾਂ ਨੇ ਸ਼ਰਧਾ ਭਾਵਨਾ ਨਾਲ ਪੁੱਜੀਆਂ ਸੰਗਤਾਂ ਨੂੰ ਪੰਗਤ ਵਿੱਚ ਬਿਠਾ ਕੇ ਬਾਦਾਮ, ਕਾਜੂ ਤੇ ਦਾਖਾਂ ਨਾਲ ਬਣਾਏ ਮਿੱਠੇ ਚੌਲ 

8- June - Page - 6-Advt-25.qxd 6/7/2025 10:48 PM Page 1



# 3 ਰੋਜ਼ਾ ਸੂਬਾਈ ਵਿਦਿਆਰਥੀ ਵਿਗਿਆਨਕ ਚੇਤਨਾ ਕੈਂਪ ਦਾ ਆਗਾਜ਼

## * ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਵਿਗਿਆਨਕ ਚੇਤਨਾ ਕੈਂਪ ਜ਼ਰੂਰੀ: ਰਾਜਿੰਦਰ ਭਦੌੜ

ਬਰਨਾਲਾ (ਜਸਬੀਰ ਸਿੰਘ ਪੱਟੀ)-ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਵਿਦਿਆਰਥੀਆਂ ਵਿੱਚ ਵਿਗਿਆਨਕ ਚੇਤਨਾ ਅਤੇ ਨੈਤਿਕ ਕਦਰਾਂ ਕੀਮਤਾਂ ਦੇ ਗੁਣ ਵਿਕਸਤ ਕਰਨ ਦੇ ਮਕਸਦ ਵਜੋਂ ਤਰਕਸ਼ੀਲ ਭਵਨ, ਬਰਨਾਲਾ ਵਿਖੇ ਤਿੰਨ ਰੋਜ਼ਾ ਸੂਬਾਈ ਵਿਦਿਆਰਥੀ ਵਿਗਿਆਨਕ ਚੇਤਨਾ ਕੈਂਪ ਦਾ ਆਗਾਜ਼ ਕੀਤਾ ਗਿਆ ਜਿਸ ਵਿਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਸਰਕਾਰੀ ਅਤੇ ਨਿੱਜੀ ਸਕੂਲਾਂ ਦੇ 73 ਵਿਦਿਆਰਥੀਆਂ ਨੇ ਭਾਗ ਲਿਆ। ਪਹਿਲੇ ਸੈਸ਼ਨ ਵਿੱਚ ਸੁਸਾਇਟੀ ਦੇ ਸੂਬਾਈ ਜੱਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ ਨੇ ਚੇਤਨਾ ਕੈਂਪ ਦੇ ਉਦੇਸ਼ ਅਤੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਢਾਂਚੇ ਤੇ ਕਾਰਜ ਵਿਉਂਤਬੰਦੀ ਬਾਰੇ ਸਮੁੱਚੀ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਸ ਵਿਦਿਆਰਥੀ ਚੇਤਨਾ ਕੈਂਪ ਦਾ ਮਕਸਦ ਵਿਦਿਆਰਥੀਆਂ ਵਿੱਚ ਵਿਗਿਆਨਕ ਚੇਤਨਾ ਅਤੇ ਪਰਖਣ ਦੀ ਪਹੁੰਚ ਦੇ ਇਲਾਵਾ ਉਨ੍ਹਾਂ ਵਿੱਚ ਸਵੈ-ਵਿਸ਼ਵਾਸ ਅਤੇ ਸੰਘਰਸ਼ ਦੀ ਭਾਵਨਾ ਵਿਕਸਤ ਕਰਨਾ ਹੈ। ਉਨ੍ਹਾਂ ਨੇ ਚੇਤਨਾ ਕੈਂਪ ਲਈ ਵਿਦਿਆਰਥੀਆਂ ਵੱਲੋਂ ਵਿਖਾਏ ਗਏ ਵੱਡੇ ਉਤਸ਼ਾਹ ਲਈ ਮਾਪਿਆਂ, ਅਧਿਆਪਕਾਂ, ਸਕੂਲ ਮੁਖੀਆਂ ਅਤੇ ਤਰਕਸ਼ੀਲ ਕਾਰਕੁਨਾਂ ਦੀ ਪ੍ਰਸ਼ੰਸਾ ਕੀਤੀ। ਦੂਜੇ ਸੈਸ਼ਨ ਦੌਰਾਨ ਪ੍ਰਿੰ. ਹਰਿੰਦਰ ਕੌਰ ਅਤੇ ਮਨਦੀਪ ਸਿੰਘ ਮੱਲੀ ਨੇ 'ਖੇਡ ਖੇਡ ਵਿੱਚ ਵਿਗਿਆਨ' ਅਤੇ 'ਸਾਈਬਰ ਅਪਰਾਧ' ਵਿਸ਼ਿਆਂ ਬਾਰੇ ਵਿਚਾਰ ਸਾਂਝੇ ਕਰਦਿਆਂ ਵਿਦਿਆਰਥੀਆਂ ਲਈ ਖੇਡਾਂ ਅਤੇ ਸਿਹਤਮੰਦ ਸਰੀਰ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਅਤੇ ਉਨ੍ਹਾਂ ਨੂੰ ਨਸ਼ਿਆਂ, ਅਸ਼ਲੀਲਤਾ ਅਤੇ ਸਾਈਬਰ ਅਪਰਾਧ ਦੀਆਂ ਸਮਾਜਿਕ ਬੁਰਾਈਆਂ ਤੋਂ ਬਿਲਕੁਲ ਦੂਰ ਰਹਿਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਅਗਿਆਨਤਾ, ਅੰਧ ਵਿਸ਼ਵਾਸਾਂ ਅਤੇ ਰੂੜੀਵਾਦ ਨੂੰ ਵਿਗਿਆਨਕ ਚੇਤਨਾ ਰਾਹੀਂ ਖਤਮ ਕਰਕੇ ਹੀ ਇਕ ਵਿਕਸਤ ਸਮਾਜ ਉਸਾਰਿਆ ਜਾ ਸਕਦਾ ਹੈ। ਇਸ ਮੌਕੇ ਵਿਦਿਆਰਥੀਆਂ ਨੇ ਵੱਖ-ਵੱਖ ਵਿਸ਼ਿਆਂ ਤੇ ਹੋਈ ਉਸਾਰੂ ਗਰੁੱਪ ਚਰਚਾ ਵਿੱਚ ਵੀ ਭਾਗ ਲਿਆ। ਤੀਜੇ ਅਤੇ ਆਖਰੀ ਸੈਸ਼ਨ ਵਿੱਚ ਵਿਦਿਆਰਥੀਆਂ ਵੱਲੋਂ ਲੋਕ ਪੱਖੀ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ। ਇਸ ਮੌਕੇ ਸੂਬਾ ਕਮੇਟੀ ਆਗੂ ਹੇਮ ਰਾਜ, ਰਾਜੇਸ਼ ਅਕਲੀਆ, ਗੁਰਪ੍ਰੀਤ ਸ਼ਹਿਣਾ, ਰਾਮ ਸਵਰਨ ਲੱਖੇਵਾਲੀ, ਸੁਖਵਿੰਦਰ ਬਾਗਪੁਰ, ਜਸਵੰਤ ਮੋਹਾਲੀ, ਸੁਰਜੀਤ ਟਿੱਬਾ, ਸੁਮੀਤ ਅੰਮ੍ਰਿਤਸਰ, ਕੁਲਜੀਤ ਡੰਗਰਖੇੜਾ, ਮੋਹਨ ਬਡਲਾ ਤੋਂ ਇਲਾਵਾ ਸਹਿਯੋਗੀ ਕੇਵਲ ਕ੍ਰਿਸ਼ਨ ਜੀਦਾ, ਜ਼ੋਨ ਆਗੂ ਸੰਦੀਪ ਧਾਰੀਵਾਲ ਭੋਜਾ, ਅਜੀਤ ਪ੍ਰਦੇਸੀ, ਰਾਮ ਕੁਮਾਰ ਪਟਿਆਲਾ, ਕੁਲਵੰਤ ਕੌਰ ਪਟਿਆਲਾ, ਬੂਟਾ ਸਿੰਘ, ਅਸ਼ੋਕ ਕੁਮਾਰ ਰੋਪੜ, ਖੁਸ਼ਵੰਤ ਬਰਗਾੜੀ, ਗੁਰਮੀਤ ਜੱਜ, ਕੁਲਦੀਪ ਨੇਨੇਵਾਲ, ਭੀਮ ਰਾਜ ਅਤੇ ਬਿੰਦਰ ਧਨੌਲਾ ਹਾਜ਼ਰ ਸਨ।

# ਮਾਨਸਿਕ ਪ੍ਰੇਸ਼ਾਨੀ ਕਾਰਨ 22 ਸਾਲਾ ਨੌਜਵਾਨ ਵੱਲੋਂ ਆਤਮ-ਹੱਤਿਆ

ਗੁਰਦਾਸਪੁਰ (ਜਨਕ ਮਹਾਜਨ)-ਏ. ਐੱਸ. ਆਈ. ਮਹਿੰਦਰ ਪਾਲ ਨੇ ਦੱਸਿਆ ਕਿ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਕਰਨੈਲ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਬੱਬੇਹਾਲੀ ਨੇ ਕਿਹਾ ਕਿ ਮੇਰਾ ਲੜਕਾ ਰਣਦੀਪ ਸਿੰਘ ਉਮਰ 22 ਸਾਲ ਜੋ ਆਪਣੇ ਪਿੰਡ ਬੱਬੇਹਾਲੀ ਦੇ ਅੱਡੇ 'ਤੇ ਮੋਡੀਫਿਕੇਸ਼ਨ ਨਾਮ ਦੀ ਦੁਕਾਨ ਕਰਦਾ ਸੀ, ਦੇ ਸਾਹਮਣੇ ਨਿਸ਼ਾਨ ਸਿੰਘ ਪੁੱਤਰ ਨਰਿੰਜਣ ਸਿੰਘ ਵਾਸੀ ਬੱਬੇਹਾਲੀ ਦਾ ਘਰ ਹੈ ਅਤੇ ਨਾਲ ਹੀ ਉਸ ਦੀ ਰਾਸ਼ਨ ਦੀ ਦੁਕਾਨ ਹੈ।

ਨਿਸ਼ਾਨ ਸਿੰਘ ਪਿਛਲੇ ਇਕ ਸਾਲ ਤੋਂ ਰਣਦੀਪ ਸਿੰਘ ਨੂੰ ਮਾਨਸਿਕ ਤੌਰ 'ਤੇ ਤੰਗ ਪ੍ਰੇਸ਼ਾਨ ਕਰਦਾ ਆ ਰਿਹਾ ਸੀ ਅਤੇ ਧਮਕੀਆਂ ਦਿੰਦਾ ਸੀ ਕਿ ਮੈਂ ਤੈਨੂੰ ਇਥੇ ਦੁਕਾਨ ਨਹੀਂ ਕਰਨ ਦੇਣੀ। ਬੀਤੀ ਰਾਤ ਕਰੀਬ 9:15 'ਤੇ ਰਣਦੀਪ ਸਿੰਘ ਆਪਣੀ ਦੁਕਾਨ 'ਤੇ ਕੰਮ ਰਿਹਾ ਸੀ ਤਾਂ ਨਿਸ਼ਾਨ ਸਿੰਘ ਨੇ ਉਸ ਨੂੰ ਗਾਲ ਮੰਦਾ ਕੀਤਾ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ। ਇਸ ਤੋਂ ਬਾਅਦ ਰਣਦੀਪ ਸਿੰਘ ਆਪਣੇ ਘਰ ਚਲਾ ਗਿਆ ਅਤੇ ਕੁੱਝ ਦੇਰ ਬਾਅਦ ਆਪਣੀ ਸਕੂਟਰੀ ਲੈ ਕੇ ਘਰੋਂ ਚਲਾ ਗਿਆ ਤੇ ਉਸ ਨੇ ਆਪਣੀਆਂ ਵੀਡੀਓ ਬਣਾ ਕੇ ਆਪਣੀ ਦੋਸਤਾਂ ਨੂੰ ਪੋਸਟ ਕਰ ਦਿੱਤੀਆਂ।

ਜਦ ਪੀੜਤ ਕਰਨੈਲ ਸਿੰਘ ਬੱਬੇਹਾਲੀ ਪੁਲ 'ਤੇ ਗਿਆ ਤਾਂ ਦੇਖਿਆ ਕਿ ਰਣਦੀਪ ਸਿੰਘ ਦੀ ਸਕੂਟਰੀ ਉਥੇ ਖੜੀ ਸੀ। ਪੀੜਤ ਨੂੰ ਜਾਪਦਾ ਹੈ ਕਿ ਉਸ ਦੇ ਲੜਕੇ ਰਣਦੀਪ ਸਿੰਘ ਨੇ ਨਿਸ਼ਾਨ ਸਿੰਘ ਤੋਂ ਦੁਖੀ ਹੋ ਕੇ ਨਹਿਰ ਵਿੱਚ ਛਾਲ ਮਾਰ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ ਹੈ। ਥਾਣਾ ਤਿੱਬੜ ਪੁਲਸ ਨੇ ਨਿਸ਼ਾਨ ਸਿੰਘ ਖ਼ਿਲਾਫ਼ ਜ਼ੇਰੇ ਧਾਰਾ 108, 351 (2) ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

## ਬਰਸੀ 'ਤੇ ਵਿਸ਼ੇਸ਼ ਕਿਸਾਨੀ ਅੰਦੋਲਨ ਦੇ ਸ਼ਹੀਦ ਸੰਤੋਖ ਸਿੰਘ ਸਰਾਂ

ਕਾਮਰੇਡ ਸੰਤੋਖ ਸਿੰਘ ਕੁੱਲ ਹਿੰਦ ਕਿਸਾਨ ਸਭਾ ਮੋਹਰੀ ਆਗੂ ਸਨ। ਖੇਤੀ ਵਿਰੋਧੀ ਕਾਲੇ ਕਾਨੂੰਨਾਂ ਖਿਲਾਫ ਚੱਲੇ ਕਿਸਾਨ ਅੰਦੋਲਨ ਦੌਰਾਨ 700 ਤੋਂ ਉੱਪਰ ਕਿਸਾਨਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਕੁੱਲ ਹਿੰਦ ਕਿਸਾਨ ਸਭਾ ਜ਼ਿਲ੍ਹਾ ਰੋਪੜ ਦਾ ਆਗੂ ਸੰਤੋਖ ਸਿੰਘ ਸਰਾਂ ਵੀ ਸ਼ਹੀਦਾਂ ਦੀ ਕਤਾਰ ਲੰਬੀ ਕਰ ਗਿਆ। ਸਿੰਘੂ ਬਾਰਡਰ 'ਤੇ ਲੰਮੇ ਸਮੇਂ ਰਹੇ ਮੋਰਚੇ ਵੱਲੋਂ ਜੋ ਵੀ ਡਿਊਟੀ ਲਗਾਈ ਪੂਰੀ ਤਨਦੇਹੀ ਨਾਲ ਨਿਭਾਈ। ਸੰਤੋਖ ਸਿੰਘ ਦਾ ਜਨਮ 15 ਸਤੰਬਰ 1959 ਨੂੰ ਪਿਤਾ ਕਰਨੈਲ ਸਿੰਘ ਤੇ ਮਾਤਾ ਮਹਾਂ ਕੌਰ ਦੇ ਘਰ ਹੋਇਆ। ਸੰਤੋਖ ਸਿੰਘ ਦੇ ਦੋ ਵੱਡੇ ਭਰਾ ਤੇ ਤਿੰਨ ਵੱਡੀਆਂ ਭੈਣਾਂ ਸਨ। ਉਹਨਾਂ ਦੇ ਪਿਤਾ ਖੇਤੀ ਕਰਦੇ ਸਨ। ਮੁਢਲੀ ਪੜ੍ਹਾਈ ਤੋਂ ਬਾਅਦ ਸੰਤੋਖ ਸਿੰਘ ਬਿਜਲੀ ਬੋਰਡ ਵਿੱਚ ਭਰਤੀ ਹੋ ਗਏ। ਟੈਕਨੀਕਲ ਸਰਵਿਸਿਸ ਯੂਨੀਅਨ ਦੇ ਮੈਂਬਰ ਅਤੇ ਆਗੂ ਬਣੇ । ਵਿਆਹ ਤੋਂ ਬਾਅਦ ਉਹਨਾਂ ਦੇ ਦੋ ਪੁੱਤਰ ਹੋਏ। 2017 ਨੂੰ ਬਜ਼ਰੁਰਗ ਫੀਡਰ ਬੌਸਾਂ ਤੋਂ ਸੇਵਾ ਮੁਕਤ ਹੋਣ ਤੋਂ ਬਾਅਦ ਸੀ ਪੀ ਆਈ ਐਮ ਦੇ ਮੈਂਬਰ ਬਣ ਗਏ। ਇਸ ਤੋਂ ਬਾਅਦ ਇਹ ਕਿਸਾਨਾਂ ਮਜ਼ਦੂਰਾਂ ਵੱਲੋਂ ਲੜੇ ਜਾ ਰਹੇ ਸੰਘਰਸ਼ਾਂ ਦੇ ਮੋਹਰੀ ਬਣ ਗਏ। ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਆਗੂ ਬਣੇ। ਖੇਤੀ ਵਿਰੋਧੀ ਕਾਲੇ ਕਾਨੂੰਨਾਂ ਖਿਲਾਫ ਚੱਲੇ ਕਿਸਾਨ ਅੰਦੋਲਨ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ। ਜਦੋਂ ਤੋਂ ਕੇਂਦਰ ਦੀ ਮੋਦੀ ਸਰਕਾਰ ਨੇ ਆਰਡੀਨੈਂਸ ਲਿਆਂਦਾ ਕੁੱਲ ਹਿੰਦ ਕਿਸਾਨ ਸਭਾ ਨੇ 10/6 /2020 ਤੋਂ ਹੀ ਵਿਰੋਧ ਕਰਨ ਦੇ ਨਾਲ ਨਾਲ ਕਿਸਾਨਾਂ ਨੂੰ ਜਾਗਰੂਕ ਕਰਨਾ ਸ਼ੁਰੂ ਕਰ ਦਿੱਤਾ। ਰੋਪੜ ਤੇ ਨੱਕੀਆਂ ਟੋਲ ਪਲਾਜ਼ੇ 'ਤੇ ਜੋ ਪ੍ਰੋਗਰਾਮ ਤੈਅ ਕੀਤੇ ਜਾਂਦੇ ਉਹਨਾਂ ਵਿੱਚ ਬਹੁਤ ਵੱਡਾ ਰੋਲ ਅਦਾ ਕੀਤਾ। ਜਦੋਂ ਦਿੱਲੀ ਨੂੰ ਕਿਸਾਨਾਂ ਨੇ ਚਾਲੇ ਪਾਏ ਤਾਂ ਜਥੇ ਵਿੱਚ ਆਪਣੇ ਸਾਥੀਆਂ ਨਾਲ ਬੁੰਗਾ ਸਾਹਿਬ ਤੋਂ ਰਵਾਨਾ ਹੋਏ। ਯੂਨੀਅਨ ਵਿੱਚ ਤਜਰਬਾ ਹੋਣ ਕਰਕੇ ਹਰਿਆਣਾ ਪੁਲਸ ਦੇ ਹਰ ਅੜਿੱਕੇ ਦਾ ਵਿਰੋਧ ਕਰਦੇ ਹੋਏ ਦਿੱਲੀ ਬਾਰਡਰ 'ਤੇ ਪੁੱਜੇ। ਸੰਯੁਕਤ ਕਿਸਾਨ ਮੋਰਚੇ ਵੱਲੋਂ ਜੋ ਵੀ ਡਿਊਟੀ ਲਗਾਈ ਇਹਨਾਂ ਪੂਰੀ ਕੀਤੀ। ਨਿਤਨੇਮ ਦੇ ਇਹ ਬਹੁਤ ਪਾਬੰਦ ਸਨ। ਮੋਰਚੇ ਵਿੱਚ ਠੰਢ ਲੱਗਣ ਕਾਰਨ ਪਿੰਡ ਵਾਪਸ ਆ ਗਏ ਪਰ ਇਹਨਾਂ ਦੀ ਸਿਹਤ ਵਿਗੜਦੀ ਹੀ ਚਲੀ ਗਈ। ਮੋਹਾਲੀ ਦੇ ਇੱਕ ਨਿੱਜੀ ਹਸਪਤਾਲ ਵਿੱਚ 17 ਜੂਨ 2021 ਨੂੰ ਅਲਵਿਦਾ ਆਖ ਗਏ। ਇਹ ਕਿਸਾਨ ਅੰਦੋਲਨ ਦੇ ਸ਼ਹੀਦ ਬਣ ਗਏ। ਇਹਨਾਂ ਦੀ ਮੌਤ ਨਾਲ ਜਿੱਥੇ ਪਰਵਾਰ ਨੂੰ ਘਾਟਾ ਪਿਆ ਤੇ ਉੱਥੇ ਕਿਸਾਨ ਲਹਿਰ ਨੂੰ ਵੀ ਭਾਰੀ ਘਾਟਾ ਪਿਆ ਇਹਨਾਂ ਦੀ ਕੁਰਬਾਨੀ ਨੂੰ ਕਿਸਾਨ ਲਹਿਰ ਹਮੇਸ਼ਾ ਯਾਦ ਰੱਖੇਗੀ । ਅੱਜ 8 ਜੂਨ ਨੂੰ ਪਿੰਡ ਸਰਾਂ ਵਿੱਚ ਚੌਥੀ ਬਰਸੀ ਮਨਾਈ ਜਾ ਰਹੀ ਹੈ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਭੋਗ ਪਾਏ ਜਾਣਗੇ ਤੇ ਕਿਸਾਨ ਆਗੂਆਂ ਵੱਲੋਂ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਣਗੇ। ਇਹਨਾਂ ਦੇ ਦੋਵੇਂ ਪੁੱਤਰ ਸਮੇਤ ਹੋਰ ਪਰਵਾਰਕ ਮੈਂਬਰ ਕਿਸਾਨ ਲਹਿਰ ਵਿੱਚ ਬਣਦਾ ਯੋਗਦਾਨ ਪਾ ਰਹੇ ਹਨ।

ਸੁਰਜੀਤ ਸਿੰਘ ਢੇਰ, ਪ੍ਰਧਾਨ ਕੁੱਲ ਹਿੰਦ ਕਿਸਾਨ ਸਭਾ ਜ਼ਿਲ੍ਹਾ ਰੋਪੜ

# ਬਖਤਪੁਰਾ ਨੂੰ ਜ਼ਖਮੀ ਕਰਨ ਵਾਲੇ ਕਾਂਗਰਸੀ ਵਰਕਰਾਂ ਤੇ ਆਗੂਆਂ ਨੇ ਮੁਆਫੀ ਮੰਗੀ

ਬਟਾਲਾ (ਤਰਲੋਕ ਬੱਗਾ)-ਕਰੀਬ ਸਾਢੇ 6 ਸਾਲ ਪਹਿਲਾ ਪੰਚਾਇਤੀ ਚੋਣਾਂ ਵਿੱਚ ਕਾਮਰੇਡ ਗੁਰਮੀਤ ਸਿੰਘ ਬਖਤਪੁਰਾ ਨੂੰ ਜ਼ਖਮੀ ਕਰਨ ਵਾਲੇ ਕਾਂਗਰਸੀ ਵਰਕਰਾਂ ਅਤੇ ਆਗੂਆਂ ਨੇ ਸੀਪੀਆਈ ਐੱਮਐੱਲ ਲਿਬਰੇਸ਼ਨ ਦੇ ਬਟਾਲਾ ਦਫਤਰ ਵਿੱਚ ਪੁੱਜ ਕੇ ਅਦਾਲਤੀ ਕੇਸ ਦੇ ਨਿਪਟਾਏ ਲਈ ਖੱਬੀਆਂ ਧਿਰਾਂ ਦੇ ਆਗੂਆਂ ਤੋਂ ਮੁਆਫੀ ਮੰਗ ਲਈ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬਖਤਪੁਰਾ ਨੇ ਇਕ ਪ੍ਰੈੱਸ ਨੋਟ ਰਾਹੀਂ ਕੀਤਾ।

ਉਨ੍ਹਾਂ ਦੱਸਿਆ ਕਿ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਸਮੇਂ ਕਰਵਾਈਆਂ ਗਈਆਂ ਪੰਚਾਇਤੀ ਚੋਣਾਂ ਦੌਰਾਨ 30 ਦਸੰਬਰ 2018 ਨੂੰ ਬਲਾਕ ਕਲਾਨੌਰ ਦੇ ਪਿੰਡ ਨੜਾਂਵਾਲੀ ਦੀ ਪੰਚਾਇਤੀ ਚੋਣ ਵਿਚ ਸੱਤਾਧਾਰੀਆਂ ਵੱਲੋਂ ਕੀਤੀ ਜਾ ਰਹੀ ਧੱਕੇਸ਼ਾਹੀ ਨੂੰ ਰੋਕਣ ਲਈ ਪੁੱਜੇ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬਖਤਪੁਰਾ ਨੂੰ ਕਾਂਗਰਸੀ ਵਰਕਰਾਂ ਨੇ ਜ਼ਖਮੀ ਕਰ ਦਿੱਤਾ ਸੀ ਅਤੇ ਉਨ੍ਹਾਂ ਦੀ ਖੱਬੀ ਲੱਤ ਟੁੱਟ ਗਈ ਸੀ।ਸੀ. ਜੀ. ਐੱਮ. ਗੁਰਦਾਸਪੁਰ ਦੀ ਅਦਾਲਤ ਵਿਚ ਚਲ ਰਿਹਾ ਕੇਸ ਗਵਾਹੀਆਂ ਦੀ ਆਖਰੀ ਸਟੇਜ ਉਪਰ ਪਹੁੰਚ ਚੁੱਕਾ ਹੈ। ਇਕੱਤਰਤਾ ਵਿੱਚ ਕੇਸ ਦੇ ਨਿਪਟਾਰੇ ਦਾ ਪੱਖ ਲੈ ਕੇ ਪਹੁੰਚੇ ਜਗਤਾਰ ਸਿੰਘ ਗੋਸਲ, ਸੁਰਜੀਤ ਸਿੰਘ ਪੰਨੂ ਬਖਸ਼ੀਵਾਲ, ਰਵੇਲ ਸਿੰਘ ਪਿੰਡੀਆ ਅਤੇ ਨਿਰਮਲ ਸਿੰਘ ਸਾਬਕਾ ਸਰਪੰਚ ਨੜਾਂਵਾਲੀ ਆਦਿ ਵੱਲੋਂ ਆਪਣੀ ਗਲਤੀ ਦਾ ਅਹਿਸਾਸ ਕਰ ਲੈਣ ਉਪਰੰਤ ਖੱਬੀਆਂ ਧਿਰਾਂ ਦੇ ਆਗੂਆਂ ਵੱਲੋਂ ਕੇਸ ਦੇ ਰਾਜ਼ੀਨਾਵੇਂ ਲਈ ਸਹਿਮਤੀ ਪ੍ਰਗਟਾਈ ਗਈ ਹੈ।ਇਸ ਮੌਕੇ ਗੁਲਜ਼ਾਰ ਸਿੰਘ ਭੁੰਬਲੀ, ਬਲਜੀਤ ਸਿੰਘ ਅਵਾਣ, ਅਸ਼ਵਨੀ ਕੁਮਾਰ, ਮੱਖਣ ਕੁਹਾੜ, ਸ਼ਮਸ਼ੇਰ ਸਿੰਘ, ਪ੍ਰੇਮ ਮਸੀਹ ਸੋਨਾ, ਫੁਲ ਚੰਦ, ਦਲਬੀਰ ਮਲਕਵਾਲ, ਬਲਬੀਰ ਸਿੰਘ, ਵਿਜੇ ਕੁਮਾਰ ਸੋਹਲ, ਲਖਵਿੰਦਰ ਸਿੰਘ ਰੋਸਾ ਅਤੇ ਜੋਗਿੰਦਰ ਪਾਲ ਲੇਹਲ ਹਾਜ਼ਰ ਸਨ।

# ਡੀ ਸੀ ਨੇ ਸਿਵਲ ਹਸਪਤਾਲ 'ਚ ਜੱਚਾ-ਬੱਚਾ ਕੇਂਦਰ ਦੀ ਬਣ ਰਹੀ ਇਮਾਰਤ ਦਾ ਲਿਆ ਜਾਇਜ਼ਾ

ਪੱਟੀ (ਬਲਦੇਵ ਸਿੰਘ ਸੰਧੂ)-ਡਿਪਟੀ ਕਮਿਸ਼ਨਰ ਸ਼੍ਰੀ ਰਾਹੁਲ ਨੇ ਸਿਵਲ ਹਸਪਤਾਲ ਪੱਟੀ ਵਿਖੇ ਬਣ ਰਹੇ ਜੱਚਾ-ਬੱਚਾ ਕੇਂਦਰ ਦੀ ਇਮਾਰਤ ਦਾ ਜ਼ਾਇਜ਼ਾ ਲੈਣ ਲਈ ਸਿਵਲ ਹਸਪਤਾਲ ਤਰਨ ਤਾਰਨ ਦਾ ਦੌਰਾ ਕੀਤਾ।ਇਸ ਮੌਕੇ ਐੱਸਐੱਮਓ ਪੱਟੀ ਆਸ਼ਿਸ਼ ਗੁਪਤਾ ਅਤੇ ਸੈਕਟਰੀ ਰੈੱਡ ਕਰਾਸ ਸਰਬਜੀਤ ਸਿੰਘ ਤੋਂ ਇਲਾਵਾ ਸਿਹਤ ਵਿਭਾਗ ਦੇ ਹੋਰ ਅਧਿਕਾਰੀ ਵੀ ਹਾਜ਼ਰ ਸਨ।ਇਸ ਮੌਕੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਲੱਗਭੱਗ 7 ਕਰੋੜ 50 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਜੱਚਾ-ਬੱਚਾ ਕੇਂਦਰ ਦੀ ਇਮਾਰਤ ਦਾ ਕੰਮ ਲੱਗਭੱਗ 90 ਫੀਸਦੀ ਮੁਕੰਮਲ ਹੋ ਚੁੱਕਾ ਹੈ।ਉਨ੍ਹਾਂ ਕਿਹਾ ਕਿ ਇਹ ਜੱਚਾ-ਬੱਚਾ ਕੇਂਦਰ ਮਾਵਾਂ ਅਤੇ ਉਨ੍ਹਾਂ ਦੇ ਨਵਜਾਤ ਬੱਚਿਆਂ ਦੀ ਸਿਹਤ ਅਤੇ ਸਾਂਭ-ਸੰਭਾਲ ਲਈ ਲੋੜੀਂਦੀਆਂ ਸੁਵਿਧਾਵਾਂ ਮੁਹੱਈਆਂ ਕਰਵਾਉਣ ਵਿੱਚ ਸਹਾਈ ਹੋਵੇਗਾ।ਉਨ੍ਹਾਂ ਕਿਹਾ ਕਿ ਸਿਵਲ ਹਸਪਤਾਲ ਪੱਟੀ ਵਿਖੇ ਬਣਨ ਜਾ ਰਿਹਾ 30 ਬੈੱਡਾਂ ਦੀ ਸਮਰੱਥਾ ਵਾਲਾ ਇਹ ਜੱਚਾ-ਬੱਚਾ ਕੇਂਦਰ ਜਲਦੀ ਹੀ ਇਲਾਕੇ ਦੇ ਲੋਕਾਂ ਲਈ ਸਿਹਤ ਸੇਵਾਵਾਂ ਮੁਹੱਈਆ ਕਰਵਾਉਣੀਆਂ ਸ਼ੁਰੂ ਕਰ ਦੇਵੇਗਾ।ਉਨ੍ਹਾਂ ਕਿਹਾ ਕਿ ਸਿਵਲ ਹਸਪਤਾਲ ਪੱਟੀ ਵਿੱਚ ਜੱਚਾ-ਬੱਚਾ ਕੇਂਦਰ ਬਣਨ ਦੇ ਨਾਲ ਇਲਾਕੇ ਦੇ ਲੋਕਾਂ ਨੂੰ ਵੱਡੀ ਸਹੂਲਤ ਮਿਲੇਗੀ ਅਤੇ ਸੰਸਥਾਗਤ ਜਣੇਪੇ ਨੂੰ ਉਤਸ਼ਾਹ ਮਿਲੇਗਾ।

# 'ਹੱਜ ਮੁਸਲਮਾਨਾਂ ਦੇ ਆਲਮੀ ਭਾਈਚਾਰੇ ਅਤੇ ਵਹਦਤੇ ਇਸਲਾਮੀ ਦੀ ਅਮਲੀ ਮਿਸਾਲ ਹੈ'

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਮੁਸਲਿਮ ਜਮਾਤ ਅਹਿਮਦੀਆ ਭਾਰਤ ਦੇ ਮੁੱਖ ਕੇਂਦਰ ਕਾਦੀਆਂ ਵਿਖੇ ਈਦ ਉਲ ਅਜ਼ਹਾ ਦੀ ਨਮਾਜ਼ ਅਦਾ ਕੀਤੀ ਗਈ।ਇਸ ਮੌਕੇ ਕਾਦੀਆਂ ਅਤੇ ਆਸ ਪਾਸ ਦੇ ਇਲਾਕੇ ਤੋਂ ਵੱਡੀ ਗਿਣਤੀ ਵਿੱਚ ਮੁਸਲਿਮ ਭਾਈਚਾਰੇ ਦੇ ਲੋਕ ਨਮਾਜ਼ ਏ ਈਦ ਅਦਾ ਕਰਨ ਲਈ ਪਹੁੰਚੇ।ਇਹ ਈਦ ਕੁਰਬਾਨੀ ਵਾਲੀ ਈਦ ਦੇ ਨਾਂਅ ਨਾਲ ਵੀ ਜਾਣੀ ਜਾਂਦੀ ਹੈ।ਕੁਰਾਨ ਮਜੀਦ ਸਾਨੂੰ ਦੱਸਦਾ ਹ

8 Jun Page-7.qxd 6/7/2025 10:53 PM Page 1



# ਪ ਸ ਸ ਫ ਵੱਲੋਂ 14 ਨੂੰ ਲੁਧਿਆਣਾ ਰੋਸ ਮਾਰਚ 'ਚ ਸ਼ਮੂਲੀਅਤ ਕਰਨ ਦਾ ਫੈਸਲਾ

**ਜਲੰਧਰ (ਰਾਜੇਸ਼ ਥਾਪਾ)**- ਪ ਸ ਸ ਫ ਜ਼ਿਲ੍ਹਾ ਜਲੰਧਰ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਪੁਸ਼ਪਿੰਦਰ ਕੁਮਾਰ ਵਿਰਦੀ ਦੀ ਪ੍ਰਧਾਨਗੀ ਹੇਠ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਹੋਈ। ਮੀਟਿੰਗ ਦੇ ਸ਼ੁਰੂ ਵਿੱਚ ਨਵਾਂ ਜ਼ਮਾਨਾ ਅਖਬਾਰ ਨੂੰ ਚਲਾਉਣ ਵਾਲੀ ਸੰਸਥਾ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ ਦੇ ਸਕੱਤਰ ਸਾਥੀ ਗੁਰਮੀਤ ਸੁਗਲੀ ਦੇ ਸਦੀਵੀ ਵਿਛੋੜਾ ਦੇ ਜਾਣ 'ਤੇ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਦਿੰਦੇ ਹੋਏ ਪਰਵਾਰਕ ਮੈਂਬਰਾਂ ਅਤੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ ਦੇ ਸਮੁੱਚੇ ਪਰਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।ਮੀਟਿੰਗ ਨੂੰ ਵਿਸ਼ੇਸ਼ ਤੌਰ 'ਤੇ ਸੰਬੋਧਨ ਕਰਦਿਆਂ ਪ ਸ ਸ ਫ ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ ਨੇ ਆਖਿਆ ਕਿ ਪੰਜਾਬ ਸਰਕਾਰ ਲਾਰੇ ਲੱਪੇ ਲਾ ਕੇ ਸਿਰਫ ਤੇ ਸਿਰਫ ਡੰਗ ਟਪਾਈ ਹੀ ਕਰ ਰਹੀ ਹੈ। ਪੰਜਾਬ ਸਰਕਾਰ ਵੱਲੋਂ ਤਨਖਾਹ ਕਮਿਸ਼ਨ ਦੀ ਸਿਫਾਰਸ਼ ਦੇ ਬਾਵਜੂਦ ਪੈਨਸ਼ਨਰਾਂ ਦੀ ਪੈਨਸ਼ਨ ਦੁਹਰਾਈ 2.59 ਗੁਣਾਂਕ ਨਾਲ ਨਹੀਂ ਕੀਤੀ ਜਾ ਰਹੀ, ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਸਬੰਧੀ ਬਣਾਈ ਗਈ ਨੀਤੀ ਅੱਜ ਤੱਕ ਦੀਆਂ ਸਾਰੀਆਂ ਨੀਤੀਆਂ ਨਾਲੋਂ ਘਟੀਆ ਹੈ ਜਿਹੜੀ ਕੇ ਸਿਰਫ 58 ਸਾਲ ਤੱਕ ਸਰਵਿਸ ਕਰਨ ਦੀ ਗਰੰਟੀ ਹੀ ਦਿੰਦੀ ਹੈ ਅਤੇ ਹੋਰ ਕੋਈ ਵੀ ਪੱਕੇ ਮੁਲਾਜ਼ਮਾਂ ਵਾਲਾ ਲਾਭ ਨਹੀਂ ਦਿੰਦੀ, ਪੁਰਾਣੀ ਪੈਨਸ਼ਨ ਬਹਾਲ ਕਰਨ ਦੇ ਆਪਣੇ ਵਾਅਦੇ ਤੋਂ ਭੱਜ ਕੇ ਹੁਣ ਇਸ ਨੂੰ ਕੇਂਦਰ ਸਰਕਾਰ ਨਾਲ ਨੂੜਿਆ ਜਾ ਰਿਹਾ ਹੈ, ਮਿਡ-ਡੇ-ਮੀਲ ਵਰਕਰਾਂ, ਆਸ਼ਾ ਵਰਕਰਾਂ ਤੇ ਫੈਸਿਲੀਟੇਟਰਾਂ ਅਤੇ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੇ ਮਾਣ ਭੱਤੇ ਦੁੱਗਣੇ

ਕਰਨ ਦੇ ਆਪਣੇ ਵਾਅਦੇ ਤੋਂ ਸਰਕਾਰ ਭੱਜ ਚੁੱਕੀ ਹੈ ਅਤੇ ਨਿਗੂਣੀਆਂ ਤਨਖਾਹਾਂ 'ਤੇ ਕੰਮ ਕਰ ਰਹੇ ਆਊਟਸੋਰਸ, ਇਨਲਿਸਟਮੈਂਟ ਅਤੇ ਕੇਂਦਰੀ ਸਕੀਮਾਂ ਤਹਿਤ ਕੰਮ ਕਰ ਰਹੇ ਮੁਲਾਜ਼ਮਾਂ ਨੂੰ ਪੱਕਾ ਨਹੀਂ ਕੀਤਾ ਜਾ ਰਿਹਾ, ਤਨਖਾਹ ਕਮਿਸ਼ਨ ਦੇ 5 ਸਾਲ 6 ਮਹੀਨੇ ਦੇ ਬਕਾਏ ਯਕਮੁਸ਼ਤ ਅਦਾ ਕਰਨ ਦੀ ਬਜਾਏ 42 ਅਤੇ 36 ਮਹੀਨਿਆਂ ਵਿੱਚ ਦੇਣ ਦੀ ਖੋਖਲੀ ਨੀਤੀ ਅਪਣਾਈ ਜਾ ਰਹੀ ਹੈ। ਕੇਂਦਰ ਨਾਲੋਂ 13 ਪ੍ਰਤੀਸ਼ਤ ਮਹਿੰਗਾਈ ਭੱਤਾ ਘੱਟ ਦੇ ਕੇ ਇਸ ਨੂੰ ਡੀ-ਲਿੰਕ ਕੀਤਾ ਜਾ ਰਿਹਾ ਹੈ ਅਤੇ ਦੂਜੇ ਪਾਸੇ ਆਈ. ਏ. ਐਸ. ਅਫਸਰਾਂ ਨੂੰ ਸਭ ਕੁਝ ਦਿੱਤਾ ਜਾ ਰਿਹਾ ਹੈ। ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਦੇ ਬਕਾਏ ਦੱਬੇ ਹੋਏ ਹਨ, ਮੁਲਾਜ਼ਮਾਂ ਨੂੰ ਮਿਲ ਰਹੇ ਪੇਂਡੂ ਭੱਤੇ ਸਮੇਤ ਸਮੁੱਚੇ ਭੱਤੇ ਸੋਧਣ ਦੇ ਨਾਂ 'ਤੇ ਬੰਦ ਕਰਕੇ ਰੱਖੇ ਹੋਏ ਹਨ, ਪ੍ਰੋਬੇਸ਼ਨ ਪੀਰੀਅਡ ਦੇ ਨਾਂ 'ਤੇ ਮੁਢਲੀ ਤਨਖਾਹ ਦੇ ਕੇ ਤਿੰਨ ਸਾਲ ਤੱਕ ਮੁਲਾਜ਼ਮਾਂ ਦਾ ਸ਼ੋਸ਼ਣ ਕੀਤਾ ਜਾਂਦਾ ਹੈ, 17 ਜੁਲਾਈ 2020 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ 'ਤੇ ਜ਼ਬਰਦਸਤੀ ਕੇਂਦਰੀ ਤਨਖਾਹ ਸਕੇਲ ਥੋਪ ਦਿੱਤੇ ਗਏ ਹਨ। ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਸਬੰਧੀ, ਪ੍ਰੋਵੇਸ਼ਨਲ ਪੀਰੀਅਡ ਸਬੰਧੀ ਅਤੇ ਕੇਂਦਰੀ ਤਨਖਾਹ ਸਕੇਲਾਂ ਸਬੰਧੀ ਜੋ ਉੱਚ ਅਦਾਲਤ ਦੇ ਫੈਸਲੇ ਮੁਲਾਜ਼ਮਾਂ ਦੇ ਹੱਕ ਵਿੱਚ ਆ ਰਹੇ ਹਨ, ਨੂੰ ਲਾਗੂ ਨਹੀਂ ਕੀਤਾ ਜਾ ਰਿਹਾ ਅਤੇ ਨਾ ਹੀ ਜਰਨਲਾਈਜ਼ ਕੀਤਾ ਜਾ ਰਿਹਾ ਹੈ ਅਤੇ ਵਿਕਾਸ ਦੇ ਨਾਂ 'ਤੇ 200 ਰੁਪਏ ਜਜੀਆ ਪਹਿਲਾਂ ਮੁਲਾਜ਼ਮਾਂ ਅਤੇ ਹੁਣ ਪੈਨਸ਼ਨਰਾਂ ਤੋਂ ਵੀ ਵਸੂਲਿਆ ਜਾ ਰਿਹਾ ਹੈ। ਪ ਸ ਸ ਫ ਵੱਲੋਂ ਪੰਜਾਬ ਦੇ ਸਭ ਵਰਗਾਂ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ 14 ਜੂਨ ਨੂੰ ਲੁਧਿਆਣਾ ਦੇ ਵਿਧਾਨ ਸਭਾ ਹਲਕਾ ਪੱਛਮੀ ਅੰਦਰ ਕੀਤੇ ਜਾ ਰਹੇ ਰੋਸ ਮਾਰਚ ਵਿੱਚ ਵੱਧ ਚੜ੍ਹ ਕੇ ਸ਼ਾਮਲ ਹੋਣ ਦੀ ਪੁਰਜ਼ੋਰ ਅਪੀਲ ਵੀ ਕੀਤੀ ਗਈ। ਪ ਸ ਸ ਫ ਵੱਲੋਂ 12 ਜੂਨ ਨੂੰ ਐਨ.ਪੀ.ਐਸ. ਮੁਲਾਜਮਾਂ ਵੱਲੋਂ ਅਤੇ 15 ਜੂਨ ਨੂੰ ਬਿਜਲੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵੱਲੋਂ ਲੁਧਿਆਣਾ ਦੇ ਵਿਧਾਨ ਸਭਾ ਹਲਕਾ ਪੱਛਮੀ ਅੰਦਰ ਕੀਤੇ ਜਾ ਰਹੇ ਰੋਸ ਮਾਰਚਾਂ ਦੀ ਵੀ ਹਮਾਇਤ ਕੀਤੀ। ਅੱਜ ਦੀ ਮੀਟਿੰਗ ਵਿੱਚ ਇਹ ਵੀ ਫੈਸਲਾ ਕੀਤਾ ਗਿਆ ਕਿ ਕੇਂਦਰੀ ਟਰੇਡ ਯੂਨੀਅਨਾਂ ਅਤੇ ਮੁਲਾਜ਼ਮ ਫੈਡਰੇਸ਼ਨਾਂ ਵੱਲੋਂ ਕੇਂਦਰ ਸਰਕਾਰ ਅਤੇ ਸੂਬਾ ਸਰਕਾਰ ਦੇ ਖਿਲਾਫ ਜੋ ਦੇਸ਼ ਵਿਆਪੀ ਹੜਤਾਲ ਕੀਤੀ ਜਾ ਰਹੀ ਹੈ ਉਸ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ ਜਾਵੇਗਾ। ਮੀਟਿੰਗ ਵਿੱਚ ਪ੍ਰੇਮ ਖਲਵਾੜਾ,ਵੇਦ ਰਾਜ, ਕਰਨੈਲ ਫਿਲੌਰ, ਬਲਜੀਤ ਸਿੰਘ ਕੁਲਾਰ, ਸੁਖਵਿੰਦਰ ਸਿੰਘ ਮੱਕੜ,ਅਕਲ ਚੰਦ ਸਿੰਘ, ਕੁਲਦੀਪ ਵਾਲੀਆ, ਦਿਲਬਾਗ ਸਿੰਘ, ਧਰਮਿੰਦਰ ਕੁਮਾਰ, ਕੁਲਵੰਤ ਰਾਮ ਰੁੜਕਾ, ਰਤਨ ਸਿੰਘ, ਕੁਲਦੀਪ ਸਿੰਘ ਕੌੜਾ ਆਦਿ ਆਗੂ ਹਾਜ਼ਰ ਸਨ।

- **ਗੁਰਮੀਤ ਸੁਗਲੀ ਦੇ ਸਦੀਵੀ ਵਿਛੋੜੇ 'ਤੇ ਕੀਤਾ ਗਹਿਰੇ ਦੁੱਖ ਦਾ ਪ੍ਰਗਟਾਵਾ**

# ਪਲਾਸਟਿਕ ਦੀ ਵਰਤੋਂ ਨਾ ਕਰਨ ਤੇ ਬਦਲਵੇਂ ਉਪਾਵਾਂ ਨੂੰ ਅਪਣਾਉਣ 'ਤੇ ਜ਼ੋਰ

**ਜਲੰਧਰ (ਸੁਰਿੰਦਰ ਕੁਮਾਰ)** ਵਧੀਕ ਡਿਪਟੀ ਕਮਿਸ਼ਨਰ (ਜ) ਅਮਨਿੰਦਰ ਕੌਰ ਨੇ ਵਿਸ਼ਵ ਵਾਤਾਵਰਣ ਦਿਵਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਥਾਨਕ ਹੰਸ ਰਾਜ ਮਹਿਲਾ ਮਹਾਵਿਦਿਆਲਿਆ ਦੇ

ਸਹਿਯੋਗ ਨਾਲ ਕਰਵਾਏ ਸਮਾਗਮ ਦੌਰਾਨ ਪਲਾਸਟਿਕ ਦੀ ਵਰਤੋਂ ਨਾ ਕਰਨ ਅਤੇ ਇਸ ਦੇ ਬਦਲਵੇਂ ਉਪਾਵਾਂ ਨੂੰ ਅਪਨਾਉਣ 'ਤੇ ਜ਼ੋਰ ਦਿੱਤਾ। ਕਾਲਜ ਵਿਖੇ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ, ਪੰਜਾਬ ਬਾਇਓਡਾਇਵਰਸਿਟੀ ਬੋਰਡ, ਜੰਗਲਾਤ ਵਿਭਾਗ ਅਤੇ ਨੈਸ਼ਨਲ ਐਡੂਟਰੱਸਟ ਆਫ ਇੰਡੀਆ ਦੇ ਸਹਿਯੋਗ ਨਾਲ ਕਰਵਾਏ ਪ੍ਰੋਗਰਾਮ ਦੌਰਾਨ ਵਿਦਿਆਰਥਣਾਂ ਨੂੰ ਸੰਬੋਧਨ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ ਨੇ ਪਲਾਸਟਿਕ ਦੇ ਥੈਲਿਆਂ ਦੀ ਬਜਾਏ ਕਪੜੇ ਜਾਂ ਜੂਟ ਦੇ ਥੈਲੇ ਵਰਤਣ ਦੀ ਲੋੜ ਉੱਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਵਾਤਾਵਰਣ ਦੀ ਸੰਭਾਲ ਲਈ ਸਾਨੂੰ ਸਾਰਿਆਂ ਨੂੰ ਆਪਣੀ ਰੋਜ਼ਾਨਾਂ ਦੀ ਜ਼ਿੰਦਗੀ ਵਿੱਚ ਪਲਾਸਟਿਕ ਦੇ ਵਿਕਲਪਾਂ ਨੂੰ ਅਪਨਾਉਣਾ ਚਾਹੀਦਾ ਹੈ।ਉਨ੍ਹਾਂ ਹਾਜ਼ਰੀਨ ਨੂੰ ਆਉਣ ਵਾਲੀ ਪੀੜ੍ਹੀ ਲਈ ਵਾਤਾਵਰਣ ਨੂੰ ਸੰਭਾਲਣ ਅਤੇ ਪ੍ਰਦੂਸ਼ਣ ਮੁਕਤ ਬਣਾਉਣ ਲਈ ਸਾਂਝੇ ਉਪਰਾਲੇ ਕਰਨ ਦਾ ਸੱਦਾ ਦਿੱਤਾ। ਜ਼ਿਲਾ ਪ੍ਰਸ਼ਾਸਨ ਵੱਲੋਂ ਉਪਲਬਧ ਕਰਵਾਏ ਗਏ ਬੂਟਿਆਂ ਨਾਲ ਰੁੱਖ ਲਗਾਉਣ ਦੀ ਪ੍ਰਤੀਕਾਤਮਕ ਮੁਹਿੰਮ ਚਲਾਈ ਗਈ। ਉਪਰੰਤ ਵਿਦਿਆਰਥਣਾਂ ਸਮੇਤ ਸਾਰਿਆਂ ਨੂੰ ਵਾਤਾਵਰਣ ਨੂੰ ਹਰਿਆ-ਭਰਿਆ ਬਣਾਉਣ ਦਾ ਪ੍ਰਣ ਦਿਵਾਇਆ ਗਿਆ ਅਤੇ ਵਾਤਾਵਰਣ ਦੀ ਸੰਭਾਲ ਲਈ ਪ੍ਰੇਰਿਤ ਕੀਤਾ ਗਿਆ।ਇਸ ਮੌਕੇ ਜੰਗਲਾਤ ਵਿਭਾਗ ਤੋਂ ਜਰਨੈਲ ਸਿੰਘ ਬਾਠ, ਹਰਗੁਣ, ਸਕੱਤਰ ਜ਼ਿਲ੍ਹਾ ਰੈਂਡ ਕਰਾਸ ਸੁਸਾਇਟੀ ਡਾ. ਸੁਰਜੀਤ ਲਾਲ ਅਤੇ ਅਸ਼ੋਕ ਸਾਹੋਤਾ ਵੀ ਮੌਜੂਦ ਸਨ।ਇਸ ਤੋਂ ਪਹਿਲਾਂ ਪ੍ਰਿੰਸੀਪਲ ਡਾ. ਅਜੈ ਸਰੀਨ ਵੱਲੋਂ ਵਧੀਕ ਡਿਪਟੀ ਕਮਿਸ਼ਨਰ ਅਤੇ ਹੋਰਨਾਂ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਇਕੋ ਕਲੱਬ ਇੰਚਾਰਜ ਡਾ. ਅੰਜਨਾ ਭਾਟੀਆ ਨੇ 'ਪ੍ਰਦੂਸ਼ਣ ਨੂੰ ਹਰਾਓ' ਵਿਸ਼ੇ ਬਾਰੇ ਵਿਸਥਾਰ ਨਾਲ ਜਾਣੂ ਕਰਵਾਇਆ ਅਤੇ ਮੰਚ ਸੰਚਾਲਨ ਕੀਤਾ। ਇਸ ਮੌਕੇ ਡੀਨ, ਸਟੂਡੈਂਟ ਕੌਂਸਲ ਡਾ. ਉਰਵਸ਼ੀ ਮਿਸ਼ਰਾ, ਐਨ.ਐੱਸ.ਐੱਸ. ਇੰਚਾਰਜ ਹਰਮਾਨੂ, ਡੀਨ, ਸਟੂਡੈਂਟ ਸਕਾਲਰਜ਼ ਡਾ. ਮੀਨੂ ਤਲਵਾਰ, ਅੰਜੂ ਅਤੇ ਸਿਮਰਨ ਨੇ ਭਰਪੂਰ ਸਹਿਯੋਗ ਦਿੱਤਾ।

# ਨਹਿਰ 'ਚੋਂ ਗਊਆਂ ਨੂੰ ਬਾਹਰ ਕੱਢਿਆ

**ਫਿਲੌਰ (ਨਿਰਮਲ)**- ਪਿੰਡ ਕੰਗ ਅਰਾਈਆਂ ਨੇੜੇ ਨਹਿਰ 'ਚ ਛੱਡੀਆਂ ਗਈਆਂ ਭੁੱਖੀਆਂ ਪਿਆਸੀਆਂ ਅਵਾਰਾ ਗਊਆਂ ਵੱਛਿਆਂ ਨੂੰ ਪਿੰਡ ਦੇ ਨੌਜਵਾਨਾਂ ਨੇ ਕਾਫੀ ਮੁਸ਼ੱਕਤ ਕਰਕੇ ਅਤੇ ਨਹਿਰ 'ਚ ਵੜ ਕੇ ਰੱਸਿਆਂ ਨਾਲ ਬੰਨ੍ਹ ਕੇ ਬਾਹਰ ਕੱਢਿਆ। ਕੁਝ ਲੋਕ ਅਵਾਰਾ ਪਸ਼ੂਆਂ ਨੂੰ ਨੇੜਲੀਆਂ ਨਹਿਰਾਂ ਖਾਲੀ ਪਈਆਂ ਵੇਖ ਉਸ ਵਿਚ ਗਊਆਂ ਵੱਛਿਆਂ ਨੂੰ ਛੱਡ ਜਾਂਦੇ ਹਨ ਅਤੇ ਇਹ ਅਵਾਰਾ ਪਸ਼ੂ ਖਾਲੀ ਪਈ ਨਹਿਰ ਵਿਚ ਅੱਤ ਦੀ ਗਰਮੀ ਅਤੇ ਬਿਨਾਂ ਪੱਠਿਆਂ ਦੇ ਭੁੱਖੇ ਪਿਆਸੇ ਤੜਫਦੇ ਰਹਿੰਦੇ ਹਨ। ਨਹਿਰਾਂ ਪੱਕੀਆਂ ਹੋਣ ਕਾਰਨ ਇਹ ਬੇਵਸ ਅਤੇ ਲਾਚਾਰ ਪਸ਼ੂ ਬਾਹਰ ਵੀ ਨਹੀਂ ਨਿਕਲ ਸਕਦੇ। ਬੀਤੀ ਰਾਤ ਜਦੋਂ ਨਹਿਰ ਵਿਚ ਵਿਭਾਗ ਵੱਲੋਂ ਪਾਣੀ ਛੱਡਿਆ ਗਿਆ ਤਾਂ ਲੋਕਾਂ ਨੇ ਵੇਖਿਆ ਕਿ ਪਾਣੀ ਵਿਚ ਅਵਾਰਾ ਪਸ਼ੂ ਤੈਰਦੇ ਤੁਰੇ ਫਿਰਦੇ ਹਨ। ਪਿੰਡ ਦੇ ਨੌਜਵਾਨਾਂ ਅਤੇ ਨਹਿਰੀ ਵਿਭਾਗ ਦੇ ਮੁਲਾਜ਼ਮਾਂ ਨੇ ਉਨ੍ਹਾਂ ਲਾਚਾਰ ਪਸ਼ੂਆਂ ਨੂੰ ਪਾਣੀ 'ਚੋਂ ਬਾਹਰ ਕੱਢਿਆ।

# 'ਇੱਕ ਬੂਟਾ ਲਗਾਓ 100 ਤੀਰਥਾਂ ਦਾ ਫਲ ਪਾਓ'

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਰੋਟਰੀ ਕਲੱਬ ਆਫ ਹੁਸ਼ਿਆਰਪੁਰ ਵੱਲੋਂ ਪ੍ਰਧਾਨ ਸਨੇਹ ਜੈਨ ਦੀ ਅਗਵਾਈ ਹੇਠ ਖਾਲਸਾ ਕਾਲਜ ਗੜ੍ਹਦੀਵਾਲਾ ਵਿਖੇ ਵਿਸ਼ਵ ਵਾਤਾਵਰਣ ਦਿਵਸ ਦੇ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਲੋਗਨ "ਇੱਕ ਦਰੱਖਤ ਮਾਂ ਕੇ ਨਾਮ " ਦੇ ਅੰਤਰਗਤ 40 ਸਿਲਵਰ ਓਕ ਬੂਟੇ ਲਗਾਏ ਗਏ ਅਤੇ ਇਸ ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਆਪਣਾ ਯੋਗਦਾਨ ਦੇ ਕੇ ਸ਼ਾਮਲ ਹੋਏ। ਪ੍ਰਧਾਨ ਸਨੇਹ ਜੈਨ ਨੇ ਕਿਹਾ ਕਿ ਇੱਕ ਬੂਟਾ ਲਗਾਓ ਕਿਉਂਕਿ 50 ਸਾਲਾਂ ਵਿੱਚ ਤਿਆਰ ਇੱਕ ਦਰੱਖਤ ਸਾਡੇ ਬਹੁਤ ਕੰਮ ਆਉਂਦਾ ਹੈ। ਰੁੱਖਾਂ ਅਤੇ ਪੌਦਿਆਂ ਦੇ ਸੁੱਕੇ ਪੱਤਿਆਂ ਤੋਂ ਵੀ ਖਾਦ ਬਣਾਈ ਜਾਂਦੀ ਹੈ, ਰੁੱਖ ਅਤੇ ਪੌਦੇ ਸਾਡੇ ਵਾਤਾਵਰਣ ਦੀ ਰੱਖਿਆ ਕਰਦੇ ਹਨ ਅਤੇ 3 ਫੀਸਦੀ ਤੱਕ ਲਗਭਗ ਤਾਪਮਾਨ ਘਟਾਉਂਦੇ ਹਨ। ਇਸ ਲਈ ਸਾਨੂੰ ਰੁੱਖਾਂ ਨੂੰ ਨਹੀਂ ਕੱਟਣਾ ਚਾਹੀਦਾ। ਰੁੱਖ ਕੱਟਣ ਵਾਲੇ ਜਿੱਥੇ ਮਨੁੱਖਤਾ ਦੇ ਦੋਖੀ ਹਨ ਉਥੇ ਪਾਪਾਂ ਦੇ ਭਾਗੀ ਵੀ ਬਣਦੇ ਹਨ। ਕਲੱਬ ਦੇ ਸਾਬਕਾ ਜਿਲ੍ਹਾ ਗਵਰਨਰ ਜੀ.ਐਸ. ਬਾਵਾ ਨੇ ਕਿਹਾ ਕਿ ਦਰੱਖਤਾਂ ਦੀ ਕਟਾਈ ਨਾ ਕਰੋ, ਨਹੀਂ ਤਾਂ ਸਾਹ ਲੈਣ 'ਚ ਕਠਿਨਾਈ ਹੋਵੇਗੀ। ਇਸ ਮੌਕੇ ਕਾਲਜ ਪ੍ਰਿੰਸੀਪਲ ਅਤੇ ਸਟਾਫ ਨੇ ਪ੍ਰਧਾਨ ਸਨੇਹ ਜੈਨ ਅਤੇ ਉਹਨਾ ਦੀ ਟੀਮ ਨੂੰ ਮੋਮੈਂਟੋ ਅਤੇ ਸਿਰੋਪੇ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਕਲੱਬ ਵੱਲੋਂ ਪ੍ਰਧਾਨ ਸਨੇਹ ਜੈਨ, ਟਿਮਾਟਨੀ ਆਹਲੂਵਾਲੀਆ, ਜੀ.ਐਸ. ਬਾਵਾ, ਰਾਜਿੰਦਰ ਮੋਦਗਿਲ, ਅਸ਼ੋਕ ਜੈਨ, ਰਵੀ ਜੈਨ, ਨੀਨਾ ਜੈਨ, ਯੋਗੇਸ਼ ਚੰਦਰ, ਚੰਦਨ ਸਰੀਨ, ਡਾ. ਰਣਜੀਤ ਅਤੇ ਹੋਰ ਸ਼ਾਮਲ ਸਨ।

# 'ਆਪਣਾ ਘਰ' ਦੇ ਬਾਨੀ ਮਹਾਂਦਾਨੀ ਲੇਖ ਰਾਜ ਮੁੰਡਰਾ ਦੀ ਅੱਠਵੀਂ ਬਰਸੀ ਮਨਾਈ

**ਰੂਪਨਗਰ (ਰਜਿੰਦਰ ਸੈਣੀ)** ਸਰਸਵਤੀ ਦੇਵੀ ਮੁੰਡਰਾ ਚੈਰੀਟੇਬਲ ਟਰੱਸਟ ਦੇ ਪ੍ਰਬੰਧਕਾ ਵਲੋਂ ਇੱਥੇ ਹਵੇਲੀ ਕਲਾ ਬਜ਼ੁਰਗਾਂ ਦੇ 'ਆਪਣਾ ਘਰ' ਵਿਖੇ ਇਸ ਸੰਸਥਾ ਦੇ ਬਾਨੀ ਉਘੇ ਸਮਾਜ ਸੇਵਕ ਤੇ ਮਹਾਦਾਨੀ ਸਰਗਵਾਸੀ ਲੇਖ ਰਾਜ ਮੁੰਡਰਾ ਦੀ ਅੱਠਵੀਂ ਬਰਸੀ ਮਨਾਈ ਗਈ।ਗੁਰਦੁਆਰਾ ਨਾਨਕ ਦਰਬਾਰ ਹਵੇਲੀ ਕਲਾ ਦੀ ਕੀਤਰਨੀ ਮੰਡਲੀ ਵਲੋਂ ਸ਼੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਤੇ ਕੀਰਤਨ ਕੀਤਾ ਗਿਆ। ਇਸ ਮੌਕੇ 'ਤੇ ਵੱਡੀ ਗਿਣਤੀ ਵਿੱਚ ਬਜ਼ੁਰਗਾਂ ਪ੍ਰਤੀ ਉਸਾਰੂ ਸੋਚ ਰੱਖਣ ਵਾਲੀ ਸੰਗਤ ਹਾਜਰ ਸੀ।ਮੁੰਡਰਾ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਸੰਸਥਾ ਦੇ ਪੈਟਰਨ ਡਾ. ਆਰ. ਐਸ. ਪਰਮਾਰ ਨੇ ਕਿਹਾ ਕਿ ਮੁੰਡਰਾ ਦੀ ਸੋਚ ਸਮਾਜ ਦੇ ਲੋਕਾਂ ਪ੍ਰਤੀ ਦਿਆਲੂਪਨੇ ਨਾਲ ਭਰੀ ਸੀ। ਉਨ੍ਹਾਂ ਕਿਹਾ ਕਿ ਸਾਡੀ ਉਸ ਮਹਾਦਾਨੀ ਦੀ ਬਰਸੀ 'ਤੇ ਸੱਚੀ ਸ਼ਰਧਾਂਜਲੀ ਇਹੀ ਹੋਵੇਗੀ ਕਿ ਅਸੀਂ ਆਪਣੇ ਅੰਦਰ ਕਿਸੇ ਦਾ ਭਲਾ ਕਰਨ ਦੀ ਭਾਵਨਾ ਨੂੰ ਅਪਣਾ ਕੇ ਆਪਣਾ ਜੀਵਨ ਬਤੀਤ ਕਰੀਏ। ਉਨ੍ਹਾਂ ਸਮਾਜ ਦੇ ਲੋਕਾਂ ਤੇ ਖਾਸ ਕਰਕੇ ਬਜ਼ੁਰਗਾਂ ਦੇ ਸਿਹਤਮੰਦ ਜੀਵਨ ਦੀ ਵੀ ਕਾਮਨਾ ਕੀਤੀ।

ਸੰਸਥਾ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਰਾਜਿੰਦਰ ਸੈਣੀ ਨੇ ਕਿਹਾ ਕਿ ਟਰੱਸਟ ਹਰ ਸਾਲ ਸਵਰਗੀ ਮੁੰਡਰਾ ਨੂੰ ਉਨ੍ਹਾ ਦੀ ਬਰਸੀ 'ਤੇ ਯਾਦ ਕਰਕੇ ਬਜ਼ੁਰਗਾਂ ਦੀ ਸੇਵਾ ਲਈ ਜੋ ਰਾਹ ਉਨ੍ਹਾਂ ਵਿਖਾਇਆ ਹੈ ਉਸ 'ਤੇ ਚੱਲਣ ਦਾ ਹਰ ਸੰਭਵ ਯਤਨ ਕਰਦਾ ਹੈ। ਉਨ੍ਹਾਂ ਮੁੰਡਰਾ ਦੀ ਸੋਚ ਨੂੰ ਅੱਗੇ ਵਧਾਉਣ ਲਈ ਵੱਖ ਵੱਖ ਖੇਤਰਾਂ ਦੇ ਦਾਨਵੀਰਾਂ ਤੋਂ ਮਿਲ ਰਹੇ ਸਹਿਯੋਗ ਦਾ ਵੀ ਧੰਨਵਾਦ ਕੀਤਾ।ਟਰਸੱਟੀ ਐਡਵੋਕੇਟ ਰਾਵਿੰਦਰ ਸਿੰਘ ਮੁੰਡਰਾ, ਵਿਨੋਦ ਜੈਨ ਨੇ ਆਈ ਸਮੂਹ ਸੰਗਤ ਦਾ ਸਵਾਗਤ ਤੇ ਧੰਨਵਾਦ ਕਰਦਿਆ ਸਵਰਗੀ ਮੁੰਡਰਾ ਵਲੋਂ ਸਮਾਜ ਦੇ ਲੋੜਵੰਦ ਬਜ਼ੁਰਗਾਂ ਲਈ ਕੀਤੇ ਉਪਰਾਲੇ ਦੀ ਪ੍ਰਸੰਸਾ ਕੀਤੀ। ਸਮਾਗਮ ਨੂੰ ਸਫਲ ਬਣਾਉਣ ਲਈ ਅਜੈਬ ਸਿੰਘ ਹਵੇਲੀ ਦੇ ਪਰਵਾਰ ਤੇ ਆਪਣਾ ਘਰ 'ਚ ਰਹਿ ਰਹੇ ਵਸਨੀਕਾਂ ਜਿੰਦਰ ਸਿੰਘ, ਭੁਪਿੰਦਰ ਸਿੰਘ, ਸਤੀਸ਼ਵਰ ਖੰਨਾ, ਜਸਸੰਤ ਸਿੰਘ ਤੋਂ ਇਲਾਵਾ ਟਰੱਸਟੀ ਬਲਵਿੰਦਰ ਕੌਰ, ਜਗਦੇਵ ਸਿੰਘ

8 Jun Page-8.qxd 6/7/2025 10:51 PM Page 1



# ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਨੇ ਵਿਸ਼ਵ ਵਾਤਾਵਰਣ ਦਿਵਸ ਮੌਕੇ ਲਗਾਇਆ ਸੈਮੀਨਾਰ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਜਲ ਸਪਲਾਈ ਅਤੇ ਸੈਨੀਟੇਸ਼ਨ ਮੰਡਲ ਸ੍ਰੀ ਅਨੰਦਪੁਰ ਸਾਹਿਬ ਵਲੋਂ ਇੰਜ. ਹਰਜੀਤ ਪਾਲ ਸਿੰਘ ਕਾਰਜਕਾਰੀ ਇੰਜੀਨੀਅਰ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਡਲ ਸ੍ਰੀ ਅਨੰਦਪੁਰ ਸਾਹਿਬ ਦੇ ਯੋਗ ਦਿਸ਼ਾ-ਨਿਰਦੇਸ਼ ਅਤੇ ਇੰਜੀਨੀਅਰ ਭਾਵਨਾ ਦੀਵਾਨ ਐਸ.ਡੀ.ਈ ਉਪ ਮੰਡਲ ਨੰ. 2, ਸ੍ਰੀ ਅਨੰਦਪੁਰ ਸਾਹਿਬ ਦੀ ਅਗਵਾਈ ਅਨੁਸਾਰ ਪੰਚਾਇਤੀ ਰਾਜ ਵਿਭਾਗ ਸ੍ਰੀ ਅਨੰਦਪੁਰ ਸਾਹਿਬ ਨਾਲ ਤਾਲਮੇਲ ਕਰਕੇ ਜ਼ਿਲ੍ਹਾ ਪੱਧਰੀ ਵਿਸ਼ਵ ਵਾਤਾਵਰਨ ਦਿਵਾਸ ਸੰਸਾਰ ਪੱਧਰ 'ਤੇ ਪਲਾਸਟਿਕ ਪ੍ਰਦੂਸ਼ਣ ਵਿਸ਼ੇ ਅਧੀਨ ਪਿੰਡ ਅਗੰਮਪੁਰ ਵਿਖੇ ਬਲਾਕ ਦੇ ਵੱਖ-ਵੱਖ ਪੰਚਾਂ ਅਤੇ ਸਰਪੰਚਾਂ ਨਾਲ ਮਿਲ ਕੇ ਮਨਾਇਆ ਗਿਆ।ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਸ੍ਰੀ ਅਨੰਦਪੁਰ ਸਾਹਿਬ ਇਸ਼ਾਨ ਚੌਧਰੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਜਿਸ ਦੌਰਾਨ ਉਨ੍ਹਾਂ ਵਲੋਂ ਮੌਕੇ 'ਤੇ ਹਾਜ਼ਰ ਪੰਚਾਇਤਾਂ ਦੇ ਨੁਮਾਇੰਦਿਆਂ ਨੂੰ ਪਲਾਸਟਿਕ ਕੂੜੇ ਦੇ ਯੋਗ ਪ੍ਰਬੰਧ ਲਈ ਬਲਾਕ ਪੱਧਰ 'ਤੇ ਬਣੇ ਪਲਾਸਟਿਕ ਕੂੜਾ ਪ੍ਰਬੰਧਨ ਪਲਾਂਟ ਅਗੰਮਪੁਰ ਵਿਖੇ ਪਲਾਸਟਿਕ ਭੇਜਣ ਲਈ ਅਪੀਲ ਕੀਤੀ। ਜਿਕਰਯੋਗ ਹੈ ਕਿ ਪਿੰਡ ਅਗੰਮਪੁਰ ਬਲਾਕ ਸ੍ਰੀ ਅਨੰਦਪੁਰ ਸਾਹਿਬ ਵਿਖੇ ਬਲਾਕ ਪੱਧਰੀ

ਕੂੜਾ ਪ੍ਰਬੰਧਨ ਪ੍ਰੋਜੈਕਟ ਲਗਭਗ 16 ਲੱਖ ਰੁਪਏ ਦੀ ਲਾਗਤ ਨਾਲ ਬਣਾਇਆ ਗਿਆ ਹੈ ਜਿਸ ਦੇ ਸ਼ੁਰੂਆਤੀ ਸੰਚਾਲਨ ਲਈ ਬਲਾਕ ਦੇ ਪਿੰਡਾਂ ਦੇ ਸਰਪੰਚਾਂ ਵਿਸ਼ੇਸ਼ ਤੌਰ ਤੇ ਇਸ ਦੇ ਨਜਦੀਕੀ ਪਿੰਡਾਂ ਦੇ ਸਰਪੰਚਾਂ ਅਤੇ ਪੰਚਾਇਤਾਂ ਨੂੰ ਪਲਾਸਟਿਕ ਭੇਜਣ ਲਈ ਪ੍ਰੋਤਸ਼ਾਹਿਤ ਕੀਤਾ ਗਿਆ। ਬੀ.ਡੀ.ਪੀ.ਓ ਸ੍ਰੀ ਅਨੰਦਪੁਰ ਸਾਹਿਬ ਵਲੋਂ ਉਨ੍ਹਾਂ ਨੂੰ ਪਿੰਡਾਂ ਦੇ ਵਿਕਾਸ ਕਾਰਜਾਂ ਲਈ 15ਵੇਂ ਵਿੱਤ ਕਮਿਸ਼ਨ ਅਤੇ ਹੋਰ ਸਰਕਾਰੀ ਗਰਾਂਟਾਂ ਦੀ ਯੋਗ ਵਰਤੋਂ ਕਰਨ ਦੀ ਵੀ ਜਾਣਕਾਰੀ ਦਿੱਤੀ ਗਈ ਅਤੇ ਬਲਾਕ ਨੂੰ ਪਲਾਸਟਿਕ ਮੁਕਤ ਬਣਾਉਣ ਲਈ ਉਪਰਾਲੇ ਕਰਨ ਲਈ ਸੁਨੇਹਾ ਦਿੱਤਾ ਗਿਆ। ਇਸ ਮੌਕੇ ਤੇ ਸਹਿਭਾਗੀਆਂ ਨੂੰ ਵਾਤਾਵਰਨ ਦੀ ਸਾਂਭ-ਸੰਭਾਲ ਲਈ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਪ੍ਰੇਰਿਤ ਕਰਨ ਦੇ ਨਾਲ-ਨਾਲ ਮਿਲ ਕੇ ਬੂਟੇ ਲਗਾਉਣ ਦੀ ਰਸਮ ਵੀ ਕੀਤੀ ਗਈ।ਇੰਜੀਨੀਅਰ ਮੁਕੇਸ਼ ਕੁਮਾਰ ਐਸ.ਡੀ.ਈ. ਕਮ ਸਹਾਇਕ ਜਿਲ੍ਹਾ ਸੈਨੀਟੇਸ਼ਨ ਅਫਸਰ ਰੂਪਨਗਰ ਵਿਸ਼ੇਸ਼ ਤੌਰ 'ਤੇ ਹਾਜਰ ਸਨ।ਜਲ ਸਪਲਾਈ ਵਿਭਾਗ ਤੋਂ ਤਕਨੀਕੀ ਅਤੇ ਸ਼ੋਸ਼ਲ ਸਟਾਫ ਵੀ ਹਾਜਰ ਸੀ।ਇਸ ਦੌਰਾਨ ਸਤਵੀਰ ਰਾਣਾ ਅਗੰਮਪੁਰ, ਮਨਮੋਹਣ ਸਿੰਘ ਸਰਪੰਚ ਗਰਾਂ, ਰਘਵੀਰ ਸਿੰਘ ਸਰਪੰਚ ਘਨਾਰੂ, ਮੁਕਤ ਕੌਰ ਸਰਪੰਚ ਚੱਕ, ਸਰਬਜੀਤ ਸਿੰਘ ਗੰਗੂਵਾਲ ਅਤੇ ਪਿੰਡ ਥੱਪਲ, ਲੋਧੀਪੁਰ, ਨਾਨੋਵਾਲ, ਮੋਹੀਵਾਲ, ਤਾਰਾਪੁਰ, ਚੰਡੇਸਰ, ਮਥੁਰਾ ਅਤੇ ਹੋਰ ਪਿੰਡਾਂ ਦੇ ਸਰਪੰਚ ਵੀ ਸ਼ਾਮਲ ਹੋਏ।

# ਸੀ ਐਮ ਦੀ ਯੋਗਸ਼ਾਲਾ ਤਹਿਤ ਵੱਖ-ਵੱਖ ਥਾਵਾਂ 'ਤੇ ਯੋਗਾ ਕੈਂਪ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)**- ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਲੋਕਾਂ ਦੀ ਮੰਗ ਅਤੇ ਨਿਰੋਗਤਾ ਨੂੰ ਮੁੱਖ ਰੱਖਦਿਆਂ ਸਿਹਤਮੰਦ ਪੰਜਾਬ ਮਿਸ਼ਨ ਤਹਿਤ ਸ਼ੁਰੂ ਕੀਤੀ ਸੀ.ਐਮ. ਦੀ ਯੋਗਸ਼ਾਲਾ ਅਧੀਨ ਜ਼ਿਲ੍ਹਾ ਐੱਸ.ਏ.ਐੱਸ. ਨਗਰ ਵਿੱਚ ਰੋਜ਼ ਹੀ ਅਲੱਗ-ਅਲੱਗ ਥਾਵਾਂ ਤੇ ਮੁਫਤ ਯੋਗਾ ਦੀਆਂ ਕਲਾਸਾਂ ਚੱਲ ਰਹੀਆਂ ਹਨ। ਇਨ੍ਹਾਂ ਕੈਂਪਾਂ ਵਿੱਚ ਵੱਡੀ ਉਮਰ ਦੇ ਲੋਕਾਂ ਤੋਂ ਇਲਾਵਾ ਬੱਚਿਆਂ ਵੱਲੋਂ ਵੀ ਭਾਗ ਲਿਆ ਜਾ ਰਿਹਾ ਹੈ। ਸੀ.ਐਮ. ਦੀ ਯੋਗਸ਼ਾਲਾ ਵਿੱਚ ਯੋਗ ਸਾਧਨਾ ਨਾਲ ਲੋਕ ਪੁਰਾਣੀਆਂ ਅਤੇ ਆਮ ਬਿਮਾਰੀਆਂ ਤੋਂ ਛੁਟਕਾਰਾ ਪਾ ਰਹੇ ਹਨ। ਇਨ੍ਹਾਂ ਕੈਂਪਾਂ ਦੌਰਾਨ ਯੋਗਾ ਅਧਿਆਪਕਾਂ ਵੱਲੋਂ ਲੋਕਾਂ ਨੂੰ ਯੋਗਾ ਦੇ ਲਾਭ ਦੱਸਦੇ ਹੋਏ ਸਿਹਤਮੰਦ ਜ਼ਿੰਦਗੀ ਪ੍ਰਤੀ ਜਾਗਰੂਕ ਵੀ ਕੀਤਾ ਜਾ ਰਿਹਾ ਹੈ। ਐਸ.ਡੀ.ਐਮ. ਡੇਰਾਬਸੀ ਅਮਿਤ ਗੁਪਤਾ ਨੇ ਦੱਸਿਆ ਕਿ ਇਨ੍ਹਾਂ ਯੋਗਾ ਕਲਾਸਾਂ ਵਿੱਚ ਵੱਡੀ ਗਿਣਤੀ ਵਿੱਚ ਜ਼ਿਲ੍ਹਾ ਨਿਵਾਸੀ ਲਾਭ ਲੈ ਰਹੇ ਹਨ। ਯੋਗਾ ਸੈਸ਼ਨ ਸਵੇਰੇ 5:00 ਵਜੇ ਤੋਂ ਸ਼ੁਰੂ ਹੁੰਦੇ ਹਨ ਅਤੇ ਸ਼ਾਮ 7.35 ਤੱਕ ਵੱਖ-ਵੱਖ ਸਮਾਂ-ਸਲਾਟ ਹੁੰਦੇ ਹਨ।ਐੱਸ ਡੀ ਐਮ ਅਮਿਤ ਗੁਪਤਾ ਅਨੁਸਾਰ ਡੇਰਾਬੱਸੀ 'ਚ ਮਾਹਰ ਯੋਗਾ ਟ੍ਰੇਨਰ ਮੇਘਾ ਸਕਸੈਨਾ ਵੱਲੋਂ 5 ਥਾਂਵਾਂ 'ਤੇ ਯੋਗਾ ਕਲਾਸਾਂ ਲਾਈਆਂ ਜਾ ਰਹੀਆਂ ਹਨ, ਜਿਨ੍ਹਾਂ 'ਚ ਉਨ੍ਹਾਂ ਵੱਲੋਂ ਰਾਮਗੜ੍ਹ ਨੇੜੇ ਭੁੱਡਾ ਸਾਹਿਬ ਗੁਰਦੁਆਰਾ, ਜ਼ੀਰਕਪੁਰ ਵਿਖੇ ਪਹਿਲੀ ਕਲਾਸ ਸਵੇਰੇ 5.00 ਤੋਂ 6.00 ਵਜੇ, ਦੂਸਰੀ ਕਲਾਸ ਗਰੀਨ ਲੋਟਸ ਸ਼ਕਸਮ ਪਾਰਕ, ਜ਼ੀਰਕਪੁਰ ਵਿਖੇ ਸਵੇਰੇ 6.10 ਤੋਂ 7.10 ਵਜੇ ਤੱਕ,

ਤੀਸਰੀ ਕਲਾਸ ਮਾਇਆ ਗਾਰਡਨ ਸੁਸਾਇਟੀ, ਜ਼ੀਰਕਪੁਰ ਵਿਖੇ ਸਵੇਰੇ 7.20 ਤੋਂ 8.20 ਤੱਕ, ਚੌਥੀ ਕਲਾਸ ਪਿੰਡ ਸਿੰਘਪੁਰਾ, ਜ਼ੀਰਕਪੁਰ ਵਿਖੇ ਸਵੇਰੇ 8.30 ਵਜੇ ਤੋਂ 9.30 ਵਜੇ ਤੱਕ, ਪੰਜਵੀਂ ਕਲਾਸ ਪਿੰਡ ਰਾਮਗੜ੍ਹ ਵਾਰਡ ਨੰ: 24 ਵਿਖੇ ਸ਼ਾਮ 5.30 ਤੋਂ 6.30 ਵਜੇ ਤੱਕ ਅਤੇ ਛੇਵੀਂ ਕਲਾਸ ਪਿੰਡ ਰਾਮਗੜ੍ਹ ਹਾਊਸ ਨੰ: 2 (ਨੇੜੇ ਪਿੱਪਲ ਦਾ ਬੂਟਾ) ਵਿਖੇ ਸ਼ਾਮ ਨੂੰ 6.35 ਵਜੇ ਤੋਂ 7.35 ਵਜੇ ਤੱਕ ਲਗਾਈ ਜਾਂਦੀ ਹੈ, ਜਿੱਥੇ ਬਿਨਾਂ ਕੋਈ ਫ਼ੀਸ ਲਿਆ ਯੋਗਾ ਦੀ ਸਿਖਲਾਈ ਦਿੱਤੀ ਜਾਂਦੀ ਹੈ।ਉਨ੍ਹਾਂ ਕਿਹਾ ਕਿ ਕੋਈ ਵੀ ਵਿਅਕਤੀ ਇਨ੍ਹਾਂ ਕਲਾਸਾਂ ਵਿੱਚ ਆ ਕੇ ਯੋਗਾ ਦਾ ਮੁਫਤ ਲਾਭ ਲੈ ਸਕਦਾ ਹੈ। ਵੈਬਸਾਈਟ ਤੋਂ ਇਲਾਵਾ ਇੱਕ ਸਮਰਪਿਤ ਹੈਲਪਲਾਈਨ ਨੰਬਰ 76694-00500 'ਤੇ ਸੰਪਰਕ ਕਰ ਕੇ ਉਹ ਲੋਕ ਜਿਨ੍ਹਾਂ ਨੇ ਅਜੇ ਸ਼ਾਮਲ ਹੋਣਾ ਹੈ, ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ।

# ਐੱਸ ਡੀ ਐੱਮ ਨੂੰ ਦਿੱਤਾ ਮੰਗ ਪੱਤਰ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਪੰਜਾਬ ਵਿੱਚ ਡਾ. ਭੀਮ ਰਾਓ ਅੰਬੇਡਕਰ ਦੀਆਂ ਮੂਰਤੀਆਂ ਦੀ ਮੁੜ ਮੁੜ ਬੇਅਦਬੀ ਕੀਤੀ ਜਾ ਰਹੀ ਹੈ। ਇਹ ਘਟਨਾ ਫਿਲੌਰ ਨਜ਼ਦੀਕ ਪਿੰਡ ਨੰਗਲ ਵਿੱਚ ਦੁਬਾਰਾ ਵਾਪਰੀ। ਇਸ ਸਬੰਧੀ ਭਾਜਪਾ ਜ਼ਿਲ੍ਹਾ ਪ੍ਰਧਾਨ ਰਾਜਵਿੰਦਰ ਸਿੰਘ ਲੱਕੀ ਨੇ ਆਪਣੇ ਸਾਥੀਆਂ ਨਾਲ ਇੱਕ ਮੰਗ ਪੱਤਰ ਐਸ ਡੀ ਐਮ ਨੂੰ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬ ਦੀ ਦਲਿਤ ਕੌਮ ਡਾ. ਅੰਬੇਡਕਰ ਦੀ ਬੇਅਦਬੀ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਡਾ. ਅੰਬੇਡਕਰ ਮੂਰਤੀਆਂ ਦੀ ਤੋੜਫੋੜ ਦੀ ਨਿੰਦਾ ਕੀਤੀ ਅਤੇ ਦੋਸ਼ੀਆਂ ਖਿਲਾਫ਼ ਐਫ.ਆਈ.ਆਰ. ਦਰਜ ਕਰਕੇ ਗ੍ਰਿਫਤਾਰੀ ਦੀ ਮੰਗ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਜੇ ਕਟਾਰੀਆ, ਨਰਿੰਦਰ ਸੂਦਨ, ਅਮਨ ਰਾਣਾ, ਦਿਨੇਸ਼ ਭਾਰਦਵਾਜ, ਪੰਕਜ, ਸੋਨੀ ਕੁਮਾਰ ਆਦਿ ਹਾਜਰ ਸਨ ।

## ਜਨਮ ਦਿਨ ਮੁਬਾਰਕ

ਕੀਰਤ ਕੌਰ
ਪਿਤਾ : ਸੰਦੀਪ ਸਿੰਘ
ਮਾਤਾ : ਗੁਰਪ੍ਰੀਤ ਕੌਰ
ਵਾਸੀ : ਹੁਸ਼ਿਆਰਪੁਰ

## ਵਰ੍ਹੇਗੰਢ ਮੁਬਾਰਕ

ਬੰਤ ਸਿੰਘ ਅਤੇ ਜਸਵੀਰ ਕੌਰ ਵਾਸੀ ਫੂਲ ਟਾਊਨ ਨੇ ਵਿਆਹ ਦੀ 57ਵੀਂ ਵਰ੍ਹੇਗੰਢ ਮਨਾਈ।

# ਡਿਪਟੀ ਕਮਿਸ਼ਨਰ ਨੇ ਨਸ਼ਾ ਮੁਕਤੀ ਕੇਂਦਰ ਦਾ ਕੀਤਾ ਦੌਰਾ

**ਐਸ ਏ ਐਸ ਨਗਰ (ਗੁਰਜੀਤ ਬਿੱਲਾ)**- ਡਿਪਟੀ ਕਮਿਸ਼ਨਰ-ਕਮ-ਚੇਅਰਪਰਸਨ, ਜ਼ਿਲ੍ਹਾ ਨਸ਼ਾ ਮੁਕਤੀ ਅਤੇ ਮੁੜ ਵਸੇਬਾ ਸੁਸਾਇਟੀ, ਸ੍ਰੀਮਤੀ ਕੋਮਲ ਮਿੱਤਲ ਨੇ ਸੁਸਾਇਟੀ ਦੁਆਰਾ ਚਲਾਏ ਜਾ ਰਹੇ ਸੈਕਟਰ 66, ਐਸ ਏ ਐਸ ਨਗਰ ਸਥਿਤ ਨਸ਼ਾ ਮੁਕਤੀ ਕੇਂਦਰ ਦਾ ਦੌਰਾ ਕੀਤਾ। ਇਸ ਦੌਰੇ ਦਾ ਉਦੇਸ਼ ਕੇਂਦਰ ਦੇ ਕੰਮਕਾਜ ਦੀ ਸਮੀਖਿਆ ਕਰਨਾ ਅਤੇ ਮਰੀਜ਼ਾਂ ਤੋਂ ਸਿੱਧਾ ਫੀਡਬੈਕ ਹਾਸਲ ਕਰਨਾ ਸੀ।ਉਨ੍ਹਾਂ ਦੇ ਨਾਲ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਸੋਨਮ ਚੌਧਰੀ, ਸਿਵਲ ਸਰਜਨ ਡਾ. ਸੰਗੀਤਾ ਜੈਨ, ਐਸ ਪੀ (ਪੀ ਬੀ ਆਈ) ਦੀਪਿਕਾ ਸਿੰਘ ਅਤੇ ਡਿਪਟੀ ਡਾਇਰੈਕਟਰ (ਰੋਜ਼ਗਾਰ) ਹਰਪ੍ਰੀਤ ਸਿੰਘ ਮਾਨਸ਼ਾਹੀਆ ਵੀ ਸਨ।ਮਰੀਜ਼ਾਂ ਨਾਲ ਗੱਲਬਾਤ ਕਰਦਿਆਂ ਡਿਪਟੀ ਕਮਿਸ਼ਨਰ ਨੇ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਿਹਤਮੰਦ ਅਤੇ ਜ਼ਿੰਮੇਵਾਰ ਜੀਵਨ ਮੁੜ ਹਾਸਲ ਕਰਨ ਲਈ ਸਹੀ ਇਲਾਜ ਕਰਵਾਉਣ ਲਈ ਉਤਸ਼ਾਹਤ ਕੀਤਾ। ਸ੍ਰੀਮਤੀ ਮਿੱਤਲ ਨੇ ਮਰੀਜ਼ਾਂ ਨੂੰ ਅਪੀਲ ਕੀਤੀ ਕਿ ਉਹ ਕੇਂਦਰ ਵਿੱਚ ਕਰਵਾਏ ਜਾਣ ਵਾਲੇ ਹੁਨਰ ਵਿਕਾਸ ਕੋਰਸਾਂ ਜਿਵੇਂ ਮੋਬਾਈਲ ਮੁਰੰਮਤ, ਖਾਣਾ ਪਕਾਉਣ ਅਤੇ ਕੰਪਿਊਟਰ ਸਿਖਲਾਈ ਆਦਿ ਵਿੱਚ ਹਿੱਸਾ ਲੈਣ ਤਾਂ ਜੋ ਉਨ੍ਹਾਂ ਦੇ ਪੁਨਰਵਾਸ ਅਤੇ ਭਵਿੱਖ ਵਿੱਚ ਰੋਜ਼ਗਾਰ ਯੋਗਤਾ ਨੂੰ ਬਿਹਤਰ ਬਣਾਇਆ ਜਾ ਸਕੇ।ਉਨ੍ਹਾਂ ਡਿਪਟੀ ਡਾਇਰੈਕਟਰ (ਰੋਜ਼ਗਾਰ) ਹਰਪ੍ਰੀਤ ਸਿੰਘ ਨੂੰ ਨਿਰਦੇਸ਼ ਦਿੱਤੇ ਕਿ ਉਹ ਮਰੀਜ਼ਾਂ ਦੀ ਉਨ੍ਹਾਂ ਦੀਆਂ ਰੁਚੀਆਂ ਦੇ ਆਧਾਰ 'ਤੇ ਕੌਂਸਲਿੰਗ ਕਰਨ ਅਤੇ ਉਸ ਅਨੁਸਾਰ ਢੁਕਵੇਂ ਰੋਜ਼ਗਾਰ-ਮੁਖੀ ਕੋਰਸਾਂ ਦਾ ਪ੍ਰਬੰਧ ਕਰਨ।ਡਿਪਟੀ ਕਮਿਸ਼ਨਰ ਨੇ ਸਿਹਤ ਅਧਿਕਾਰੀਆਂ ਨੂੰ ਇਹ ਵੀ ਹਦਾਇਤ ਕੀਤੀ ਕਿ ਉਹ ਸਾਰੇ ਨੌਜੁਆਨਾਂ ਲਈ ਪੌਸ਼ਟਿਕ ਅਤੇ ਸੰਤੁਲਿਤ ਖੁਰਾਕ ਯਕੀਨੀ ਬਣਾਉਣ ।ਉਨ੍ਹਾਂ ਅੱਗੇ ਕਿਹਾ ਕਿ ਨਸ਼ਾ ਮੁਕਤੀ ਕੇਂਦਰ ਨਾ ਸਿਰਫ਼ ਸਵੈ-ਇੱਛਤ ਮਰੀਜ਼ਾਂ ਨੂੰ, ਸਗੋਂ ਐਨ ਡੀ ਪੀ ਐਸ ਮਾਮਲਿਆਂ ਅਧੀਨ ਅਦਾਲਤ ਦੁਆਰਾ ਭੇਜੇ ਗਏ ਵਿਅਕਤੀਆਂ ਨੂੰ ਵੀ ਮੁਫ਼ਤ ਨਸ਼ਾ ਛੁਡਾਊ ਇਲਾਜ ਪ੍ਰਦਾਨ ਕਰਦਾ ਹੈ।

# ਗੁਰੂ ਗੋਬਿੰਦ ਸਿੰਘ 'ਵਰਸਿਟੀ ਕਾਲਜ 'ਚ ਇੱਕ ਰੋਜ਼ਾ ਰਾਸ਼ਟਰੀ ਸੈਮੀਨਾਰ ਕਰਵਾਇਆ

**ਗੁਰਾਇਆ (ਬਿੰਦਰ ਸੁਮਨ)**- ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸਿੱਧੇ ਪ੍ਰਬੰਧਾਂ ਹੇਠ ਆਉਂਦੇ ਗੁਰੂ ਗੋਬਿੰਦ ਸਿੰਘ ਯੂਨੀਵਰਸਿਟੀ ਕਾਲਜ ਵਿਖੇ ਉਪ ਕੁਲਪਤੀ ਪ੍ਰੋ. (ਡਾ.) ਕਰਮਜੀਤ ਸਿੰਘ ਦੀ ਰਹਿਨੁਮਾਈ ਤੇ ਪ੍ਰਿੰ. (ਡਾ.) ਜਗਸੀਰ ਸਿੰਘ ਬਰਾੜ ਦੀ ਯੋਗ ਅਗਵਾਈ ਵਿਚ ਕਾਲਜ ਵਿਖੇ ਸਮਕਾਲੀ ਪੰਜਾਬੀ ਸਮਾਜ ਦੇ ਉੱਭਰਦੇ ਮਸਲਿਆਂ ਅਤੇ ਚੁਣੌਤੀਆਂ ਵਿਸ਼ੇ 'ਤੇ ਇਕ ਰੋਜ਼ਾ ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ। ਸੈਮੀਨਾਰ ਦੀ ਸ਼ੁਰੂਆਤ ਵਿਚ ਕਾਲਜ ਪ੍ਰਿੰ. (ਡਾ.) ਜਗਸੀਰ ਸਿੰਘ ਬਰਾੜ ਦੁਆਰਾ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ।ਇਸ ਸੈਮੀਨਾਰ ਦਾ ਉਦਘਾਟਨ ਮੁੱਖ ਮਹਿਮਾਨ ਡਾ. ਲਖਵਿੰਦਰ ਸਿੰਘ ਜੌਹਲ, ਚੇਅਰਮੈਨ, ਪੰਜਾਬੀ ਰਾਈਟਰ ਕੋਆਪਰੇਟਿਵ ਸੁਸਾਇਟੀ, ਲੁਧਿਆਣਾ ਨੇ ਕੀਤਾ।ਉਨ੍ਹਾਂ ਨੇ ਵਿਦਿਆਰਥੀਆਂ ਨਾਲ ਸਮਕਾਲੀਨ ਪੰਜਾਬੀ ਸਮਾਜ ਦੇ ਵਿਭਿੰਨ ਮੁੱਦਿਆਂ ਅਤੇ ਚੁਣੌਤੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ।ਉਨ੍ਹਾਂ ਨੇ ਸ਼ਹਿਰੀਕਰਨ ਦਾ ਪ੍ਰਭਾਵ ਤੇ ਪਰਵਾਰਕ ਸੰਘਰਸ਼ 'ਤੇ ਚਰਚਾ ਕੀਤੀ। ਸੈਮੀਨਾਰ ਵਿਚ ਵਨੀਤਾ ਆਨੰਦ, ਆਡੀਸ਼ਨਲ ਪ੍ਰਜੈਕਟ ਡਾਇਰੈਕਟਰ,

ਰੂਸਾ, ਪੰਜਾਬ ਨੇ ਪੰਜਾਬੀਆਂ ਦੀ ਪਹਿਚਾਣ ਅਤੇ ਪਰਵਾਸ ਵਰਗੇ ਮੁੱਦਿਆਂ ਦੇ ਪ੍ਰਭਾਵ ਬਾਰੇ ਚਰਚਾ ਕੀਤੀ। ਸੈਮੀਨਾਰ ਵਿਚ ਪਹੁੰਚੇ ਵਿਸ਼ੇਸ਼ ਮਹਿਮਾਨ ਡਾ. ਅਜੈ ਸਾਹਨੀ, ਕਾਰਜਕਾਰੀ ਡਾਇਰੈਕਟਰ, ਇੰਡੀਅਨ ਇੰਸਟੀਚੂਐਂਟ ਆਫ ਕਨਫਿਲਿਕਟ ਮੈਨੇਜਮੈਂਟ, ਨਵੀ ਦਿੱਲੀ ਨੇ ਪੰਜਾਬੀ ਭਾਸ਼ਾ ਤੇ ਪਹਿਚਾਣ ਨੂੰ ਸੁਰੱਖਿਅਤ ਰੱਖਣ ਲਈ ਸੰਵਾਦ ਕੀਤਾ।ਉਨ੍ਹਾਂ ਕਿਹਾ ਕਿ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਜਾਤ-ਪਾਤ ਦੇ ਵਿਤਕਰੇ ਨੂੰ ਖਤਮ ਕਰਦਿਆਂ ਪੰਜਾਬ ਦੀ ਨੁਹਾਰ ਨੂੰ ਨਿਖਾਰਨ ਦੀ ਲੋੜ ਹੈ।ਸੈਮੀਨਾਰ ਦੇ ਟੈਕਨੀਕਲ ਸੈਸ਼ਨ ਦੌਰਾਨ ਡਾ. ਬਲੀ ਬਹਾਦਰ, ਐਸੋਸੀਏਟ ਪ੍ਰੋਫੈਸਰ, ਸੁਸ਼ੋਲੋਜੀ ਵਿਭਾਗ, ਸੈਂਟਰਲ ਯੂਨੀਵਰਸਿਟੀ ਆਫ ਪੰਜਾਬ, ਬਠਿੰਡਾ ਨੇ ਸਮਾਜਕ ਅਤੇ ਆਰਥਿਕ ਮੁੱਦਿਆਂ ਉੱਪਰ ਚਰਚਾ ਕੀਤੀ। ਡਾ. ਰਾਜਵਿੰਦਰ ਕੌਰ ਬਾਠ ਅਸਿਸਟੈਂਟ ਪ੍ਰੋਫੈਸਰ ਸਰਕਾਰੀ ਕਾਲਜ ਡੱਨੇਵਾਲ, ਮਲੋਟ, ਪੰਜਾਬ ਨੇ ਮਿੱਟੀ ਅਤੇ ਪਾਣੀ ਪ੍ਰਦੂਸ਼ਣ, ਨੌਜਵਾਨ ਪੀੜ੍ਹੀ ਵਿਚ ਵਧ ਰਹੇ ਨਸ਼ਿਆਂ ਦੇ ਰੁਝਾਨ ਬਾਰੇ ਚਰਚਾ ਕੀਤੀ। ਇਸ ਮੌਕੇ ਪਿੰਡ ਦੇ ਸਾਬਕਾ ਸਰਪੰਚ ਮੱਖਣ ਲਾਲ ਪੱਲਣ ਨੇ ਨਸ਼ਿਆਂ ਨੂੰ ਖਤਮ ਕਰਨ ਅਤੇ ਵਿੱਦਿਆਂ ਨੂੰ ਅਪਣਾਉਣ ਸੰਬੰਧੀ ਚਰਚਾ ਕੀਤੀ।ਇਸ ਮੌਕੇ ਕਾਲਜ ਦੇ ਪ੍ਰਿੰਸੀਪਲ (ਡਾ.) ਜਗਸੀਰ ਸਿੰਘ ਬਰਾੜ ਨੇ ਆਏ ਹੋਏ ਮੁੱਖ ਮਹਿਮਾਨ, ਵਿਸ਼ੇਸ਼ ਮਹਿਮਾਨ ਅਤੇ ਵਿਸ਼ੇਸ਼ ਸਰੋਤ ਸ਼ਖਸੀਅਤਾਂ ਨੂੰ ਸਨਮਾਨ ਚਿੰਨ੍ਹ ਭੇਟ ਕਰਦਿਆਂ ਧੰਨਵਾਦ ਕੀਤਾ ਅਤੇ ਆਪਣੇ ਵਿਚਾਰ ਸਾਂਝੇ ਕੀਤੇ।

# ਹਰੀਪੁਰ ਪਿੰਡ ਦੇ ਛੱਪੜ ਦੀ ਸਫਾਈ ਦਾ ਕੰਮ ਸ਼ੁਰੂ

**ਆਦਮਪਰ (ਪਰਮਜੀਤ ਸਿੰਘ)**:- ਗ੍ਰਾਮ ਪੰਚਾਇਤ ਹਰੀਪੁਰ ਵਿਖੇ ਸਰਪੰਚ ਡਾਕਟਰ ਨਿਰਮਲ ਕੌਲ ਦੀ ਅਗਵਾਈ ਹੇਠ ਪੰਚਾਇਤ ਵੱਲੋਂ ਛੱਪੜ ਦੀ ਸਫਾਈ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਮੌਕੇ ਸ

# ਨਵਾਂ ਜ਼ਮਾਨਾ
## ਐਤਵਾਰਤਾ

ਖੇਤ ਤੇਰੇ ਹੋਣ ਵਾਲੇ ਨੇ ਅਧੀਨ,
ਦੇਸ਼ ਤੇਰਾ ਹੋਣ ਵਾਲਾ ਏ ਗ਼ੁਲਾਮ।
ਜਾਗ ਜੀਵਨ ਦੀ ਕਲਾ ਦੇ ਇੰਤਕਾਮ,
ਆਉਣ ਵਾਲੀ ਏ ਤੇਰੇ ਪਰਬਤ 'ਤੇ ਸ਼ਾਮ।
-ਬਾਵਾ ਬਲਵੰਤ

ਮੁਗੋ ਬਾਈ ਕੁਰਦੇਕਰ
(ਆਖਰੀ ਸਫ਼ੇ 'ਤੇ)


Regd. No : L-4/Pb-JL-0023/2024-26, (R.N.I.)-00068/57

ਜਲੰਧਰ : ਐਤਵਾਰ, 8 ਜੂਨ 2025

www.nawanzamana.in

ਕੀਮਤ 5.00 ਰੁਪਏ


# ਕਮਿਊਨਿਸਟ ਅੰਦੋਲਨ ਦੇ ਉਸਰੱਈਏ ਤੇ ਜਥੇਬੰਦਕ
# ਸੀ ਰਾਜੇਸ਼ਵਰ ਰਾਓ

CENTENARY OF STRUGGLES & SACRIFICES


ਅਨਿਲ ਰਾਜੀਮਵਾਲਾ
ਅਨੁਵਾਦ : ਐੱਮ ਐੱਸ ਭਾਟੀਆ

ਚੰਦਰ ਰਾਜੇਸ਼ਵਰ ਰਾਓ, ਜਿਨ੍ਹਾ ਨੂੰ 'ਸੀ ਆਰ' ਵਜੋਂ ਜਾਣਿਆ ਜਾਂਦਾ ਹੈ, ਦਾ ਜਨਮ 6 ਜੂਨ, 1914 ਨੂੰ ਆਂਧਰਾ ਪ੍ਰਦੇਸ਼ ਦੇ ਕ੍ਰਿਸ਼ਨਾ ਜ਼ਿਲ੍ਹੇ ਦੇ ਮੰਗਲਾਪੁਰਮ ਪਿੰਡ ਵਿੱਚ ਇੱਕ ਅਮੀਰ ਕਿਸਾਨ ਪਰਵਾਰ ਵਿੱਚ ਹੋਇਆ ਸੀ। ਮਛਲੀਪਟਨਮ ਦੇ ਹਿੰਦੂ ਹਾਈ ਸਕੂਲ ਵਿੱਚ ਆਪਣੀ ਸਕੂਲੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ, ਉਨ੍ਹਾਂ ਨੇ ਬੀ ਐੱਚ ਯੂ, ਵਾਰਾਨਸੀ ਵਿੱਚ ਵਿਗਿਆਨ ਦੇ ਵਿਸ਼ੇ ਵਿੱਚ ਦਾਖਲਾ ਲੈ ਲਿਆ। ਉਨ੍ਹਾ ਨੇ ਆਪਣੀ ਗ੍ਰੈਜੂਏਸ਼ਨ ਪੂਰੀ ਕਰਨ ਤੋਂ ਪਹਿਲਾਂ ਬੀ ਐੱਚ ਯੂ ਛੱਡ ਦਿੱਤਾ ਅਤੇ ਵਿਸ਼ਾਖਾਪਟਨਮ ਮੈਡੀਕਲ ਕਾਲਜ ਵਿੱਚ ਦਾਖਲ ਹੋ ਗਏ। ਉਹ ਡਾਕਟਰੀ ਵਿੱਦਿਆ ਰਾਹੀਂ ਲੋਕਾਂ ਦੀ ਸੇਵਾ ਕਰਨਾ ਚਾਹੁੰਦੇ ਸਨ, ਪਰ ਜਲਦੀ ਹੀ ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਉਹ ਜਨ ਅੰਦੋਲਨਾਂ ਰਾਹੀਂ ਲੋਕਾਂ ਦੀ ਬਿਹਤਰ ਸੇਵਾ ਕਰ ਸਕਦੇ ਹਨ।

**ਸਟੱਡੀ ਸਰਕਲ**

ਬਨਾਰਸ ਵਿੱਚ ਉਨ੍ਹਾ ਦੀ ਜਾਣ-ਪਛਾਣ ਬਹੁਤ ਸਾਰੇ ਉੱਭਰਦੇ ਕਮਿਊਨਿਸਟਾਂ ਨਾਲ ਹੋਈ, ਜਿਨ੍ਹਾਂ ਵਿੱਚ ਰੁਸਤਮ ਸਾਤਿਨ ਜਿਹਨਾਂ ਨੂੰ ਉਹ 1933 ਵਿੱਚ ਮਿਲੇ ਸੀ, ਵਿਠਲ ਚੌਧਰੀ ਅਤੇ ਹੋਰ ਵੀ ਸ਼ਾਮਲ ਸਨ। ਉਹ ਬਰੋਚਾ ਹੋਸਟਲ ਵਿੱਚ ਰਹਿੰਦੇ ਸਨ ਅਤੇ ਜਲਦੀ ਹੀ 'ਸੀ.ਆਰ' ਰੁਸਤਮ ਦੇ ਨਜ਼ਦੀਕੀ ਸਾਥੀ ਬਣ ਗਏ।

ਸੀ.ਆਰ ਅਤੇ ਹੋਰ ਵਿਦਿਆਰਥੀ ਰਾਸ਼ਟਰੀ ਆਜ਼ਾਦੀ ਸੰਗਰਾਮ ਦੇ ਪ੍ਰਤੀਕ ਵਜੋਂ ਗਾਂਧੀ ਟੋਪੀ ਪਹਿਨਦੇ ਸਨ। ਸੀ.ਆਰ ਜਿਸ ਸਮੂਹ ਨਾਲ ਸੰਬੰਧਤ ਸੀ, ਉਸ ਨੂੰ ਸੋਸ਼ਲਿਸਟ ਸਟੱਡੀ ਸਰਕਲ ਕਿਹਾ ਜਾਂਦਾ ਸੀ, ਜਿਸ ਨੇ ਇੱਕ ਅਧਿਐਨ ਕੋਰਸ ਤਿਆਰ ਕੀਤਾ ਅਤੇ ਮਾਰਕਸ ਦੇ ਕਮਿਊਨਿਸਟ ਮੈਨੀਫੈਸਟੋ ਨਾਲ ਆਪਣਾ ਅਧਿਐਨ ਸ਼ੁਰੂ ਕੀਤਾ। ਹਰ ਵਾਕ ਦਾ ਅਧਿਐਨ ਕੀਤਾ ਜਾਂਦਾ ਅਤੇ ਚਰਚਾ ਕੀਤੀ ਜਾਂਦੀ ਸੀ। ਹੋਸਟਲ ਦੇ ਕਾਮਨ ਰੂਮ ਵਿੱਚ ਆਯੋਜਿਤ ਸਟੱਡੀ ਸਰਕਲ ਵਿੱਚ ਸੌ ਤੋਂ ਵੱਧ ਵਿਦਿਆਰਥੀ ਸ਼ਾਮਲ ਹੁੰਦੇ ਸਨ ।ਸਟੱਡੀ ਸਰਕਲ ਹਰ ਰੋਜ਼ ਦੋ ਘੰਟੇ ਤੱਕ ਚੱਲਦਾ ਸੀ। ਮੈਨੀਫੈਸਟੋ ਨੂੰ ਪੂਰਾ ਕਰਨ ਵਿੱਚ 20 ਦਿਨ ਲੱਗ ਗਏ। ਉਨ੍ਹਾਂ ਨੇ ਰਯਾਜ਼ਾਨੋਵ ਦੇ 'ਕਮਿਊਨਿਸਟ ਮੈਨੀਫੈਸਟੋ 'ਤੇ ਨੋਟਸ' ਅਤੇ ਲੈਨਿਨ ਦੇ 'ਕੀ ਕਰਨਾ ਲੋੜੀਏ?' ਦਾ ਵੀ ਅਧਿਐਨ ਕੀਤਾ। ਇੰਗਲੈਂਡ ਅਤੇ ਜਰਮਨੀ ਤੋਂ ਵੀ ਕਿਤਾਬਾਂ ਮੰਗਵਾਈਆਂ। ਸੀ.ਆਰ ਮਾਰਕਸਵਾਦੀ ਸਾਹਿਤ ਦੇ ਅਧਿਐਨ ਵਿੱਚ ਡੂੰਘੀ ਦਿਲਚਸਪੀ ਰੱਖਦੇ ਸਨ।

'ਸੋਸ਼ਲਿਸਟ ਯੂਥ ਲੀਗ' 26 ਜਨਵਰੀ ਨੂੰ ਆਜ਼ਾਦੀ ਦਿਵਸ ਵਜੋਂ ਮਨਾਉਂਦੀ ਸੀ। ਉਸ ਦਿਨ ਉਹ ਯੂਨੀਵਰਸਿਟੀ ਕੈਂਪਸ ਦੇ ਰਸਤਿਆਂ 'ਤੇ ਗੀਤ ਗਾਉਂਦੇ ਚੱਲਦੇ ਸਨ ਅਤੇ ਹੋਰ ਵਿਦਿਆਰਥੀਆਂ ਨੂੰ ਆਪਣੇ ਨਾਲ ਜੁੜਨ ਲਈ ਸੱਦਾ ਦਿੰਦੇ ਸਨ। ਉਨ੍ਹਾਂ ਨੇ ਅਕਤੂਬਰ ਇਨਕਲਾਬ(7 ਨਵੰਬਰ) ਅਤੇ ਲੈਨਿਨ ਦਿਵਸ ਆਦਿ ਵਰਗੇ ਦਿਨ ਵੀ ਮਨਾਏ। ਉਹ 1934 ਵਿੱਚ ਬਨਾਰਸ ਵਿੱਚ ਪਾਰਟੀ ਮੈਂਬਰ ਬਣੇ।

**ਆਂਧਰਾ ਪ੍ਰਦੇਸ਼ ਵਿੱਚ ਵਾਪਸੀ**

ਆਂਧਰਾ ਯੂਨੀਵਰਸਿਟੀ ਵਿੱਚ ਰਹਿੰਦਿਆਂ ਉਨ੍ਹਾ ਨੇ ਮਜ਼ਦੂਰਾਂ ਅਤੇ ਟਰੇਡ ਯੂਨੀਅਨਾਂ ਨੂੰ ਸੰਗਠਿਤ ਕਰਨ ਵਿੱਚ ਸਰਗਰਮ ਦਿਲਚਸਪੀ ਲਈ। ਉਹ ਜਲਦੀ ਹੀ ਆਪਣੇ ਜੱਦੀ ਜ਼ਿਲ੍ਹੇ ਕ੍ਰਿਸ਼ਨਾ ਵਿੱਚ ਵਾਪਸ ਆ ਗਏ ਅਤੇ ਖੇਤੀਬਾੜੀ ਮਜ਼ਦੂਰਾਂ ਅਤੇ ਨੌਜਵਾਨਾਂ ਵਿੱਚ ਵੱਡੇ ਪੱਧਰ 'ਤੇ ਕੰਮ ਕਰਨ ਲੱਗ ਪਏ। ਜਲਦੀ ਹੀ ਉਨ੍ਹਾ ਨੂੰ ਸੀ ਪੀ ਆਈ ਦੀ ਕ੍ਰਿਸ਼ਨਾ ਜ਼ਿਲ੍ਹਾ ਕਮੇਟੀ ਦਾ ਸਕੱਤਰ ਚੁਣਿਆ ਗਿਆ।ਉਨ੍ਹਾ ਨੇ ਸ਼ਿਪਯਾਰਡ ਮਜ਼ਦੂਰਾਂ ਨੂੰ ਵੀ ਸੰਗਠਿਤ ਕੀਤਾ।

**1937 ਦਾ ਇਤਿਹਾਸਕ ਕਿਸਾਨ ਮਾਰਚ**

ਸਭ ਤੋਂ ਮਹੱਤਵਪੂਰਨ ਸੰਘਰਸ਼ਾਂ ਵਿੱਚੋਂ 1937-38 ਵਿੱਚ ਮਹਾਨ ਕਿਸਾਨ ਮਾਰਚ ਸਨ, ਜਿਨ੍ਹਾਂ ਵਿੱਚ ਸੀ.ਆਰ ਨੇ ਸਰਗਰਮ ਭੂਮਿਕਾ ਨਿਭਾਈ। ਪ੍ਰਮੁੱਖ ਮਾਰਚਾਂ ਵਿੱਚੋਂ ਇੱਕ 3 ਜੁਲਾਈ, 1937 ਨੂੰ ਸ਼ੁਰੂ ਹੋਇਆ ਅਤੇ 27 ਮਾਰਚ, 1938 ਨੂੰ ਪ੍ਰਾਂਤ ਦੀ ਰਾਜਧਾਨੀ ਮਦਰਾਸ ਵਿੱਚ ਸਮਾਪਤ ਹੋਇਆ। ਉਨ੍ਹਾਂ ਨੇ ਨੌਂ ਜ਼ਿਲ੍ਹਿਆਂ ਵਿੱਚੋਂ ਲੰਘਦੇ ਹੋਏ 1500 ਮੀਲ ਪੈਦਲ ਅਤੇ 525 ਮੀਲ ਸਫ਼ਰ ਬੱਸਾਂ ਵਿੱਚ ਤਹਿ ਕੀਤਾ, ਲੱਗਭੱਗ 1100 ਪਟੀਸ਼ਨਾਂ ਇਕੱਠੀਆਂ ਕੀਤੀਆਂ, 500 ਤੋਂ ਵੱਧ ਪਿੰਡਾਂ ਦਾ ਦੌਰਾ ਕੀਤਾ। ਸੀ.ਆਰ ਨੇ 1940 ਦੇ ਦਹਾਕੇ ਦੇ ਸ਼ੁਰੂ ਵਿੱਚ ਚਲਪੱਲੀ ਦੇ ਰਾਜੇ ਵਿਰੁੱਧ ਸੰਘਰਸ਼ ਵਿੱਚ ਗ੍ਰਿਫ਼ਤਾਰੀ ਦਿੱਤੀ। ਉਨ੍ਹਾਂ ਦੇ ਅਣਥੱਕ ਯਤਨਾਂ ਸਦਕਾ, ਕ੍ਰਿਸ਼ਨਾ ਦੀ ਜ਼ਿਲ੍ਹਾ ਇਕਾਈ ਆਂਧਰਾ ਵਿੱਚ ਸਭ ਤੋਂ ਸ਼ਕਤੀਸ਼ਾਲੀ ਕਮਿਊਨਿਸਟ ਠਿਕਾਣਿਆਂ ਵਿੱਚੋਂ ਇੱਕ ਬਣ ਗਈ। ਸੀ.ਆਰ ਨੇ ਆਪਣੀ ਜੱਦੀ ਜਾਇਦਾਦ ਦਾ ਸਾਰਾ ਹਿੱਸਾ ਵੇਚ ਕੇ ਪਾਰਟੀ ਨੂੰ ਦੇ ਦਿੱਤਾ।

**ਪਾਰਟੀ ਨੇਤਾ ਦੇ ਤੌਰ 'ਤੇ**

ਆਂਧਰਾ ਪ੍ਰਦੇਸ਼ ਸੀ ਪੀ ਆਈ ਦਾ ਦੂਜਾ ਸੰਮੇਲਨ 1938 ਵਿੱਚ ਵਿਜੇਵਾੜਾ ਵਿਖੇ ਹੋਇਆ । ਸੀ.ਆਰ ਇਸ ਦੀ ਸੱਤ ਮੈਂਬਰੀ ਕਮੇਟੀ ਲਈ ਚੁਣੇ ਗਏ। 1943 ਵਿੱਚ ਉਹ ਆਂਧਰਾ ਪ੍ਰਦੇਸ਼ ਸੀ ਪੀ ਆਈ ਦੇ ਸਕੱਤਰ ਚੁਣੇ ਗਏ ਅਤੇ ਫੇਰ 1948 ਵਿੱਚ ਬੁੱਧਵਰਮ ਵਿੱਚ ਚੌਥੀ ਕਾਨਫਰੰਸ ਵਿੱਚ ਅਤੇ 1956 ਵਿੱਚ ਰਾਵੇਂਦਰਪਾਡੂ ਵਿਖੇ ਹੋਈ 6ਵੀਂ ਕਾਨਫਰੰਸ ਵਿੱਚ। ਉਹ ਸੀ ਪੀ ਆਈ ਦੀ ਆਂਧਰਾ ਪ੍ਰਦੇਸ਼ ਰਾਜ ਕਮੇਟੀ ਦੇ ਪਹਿਲੇ ਸਕੱਤਰ ਚੁਣੇ ਗਏ।

ਸੀ.ਆਰ ਨੇ 1943 ਵਿੱਚ ਬਾਂਦਰ ਨਹਿਰ ਵਿੱਚੋਂ 2 ਮੀਲ ਲੰਬੀ ਗਾਰ ਹਟਾਉਣ ਅਤੇ ਵਿਜੇਵਾੜਾ ਵਿੱਚ ਇੱਕ ਬੇਮਿਸਾਲ ਜਨਤਕ ਕਿਸਾਨ ਰੈਲੀ ਕਰਨ ਦੇ ਜਨ ਅੰਦੋਲਨ ਵਿੱਚ ਹਿੱਸਾ ਲਿਆ।

**ਤੇਲੰਗਾਨਾ ਖੇਤਰ ਵਿੱਚ ਪਾਰਟੀ ਦਾ ਫੈਲਾਅ**

ਤੇਲੰਗਾਨਾ ਉਸ ਸਮੇਂ ਦਮਨਕਾਰੀ ਨਿਜ਼ਾਮ ਦੁਆਰਾ ਸ਼ਾਸਤ ਹੈਦਰਾਬਾਦ ਰਿਆਸਤ ਦਾ ਹਿੱਸਾ ਸੀ। ਇਹ ਇੱਕ ਜ਼ਾਲਮ ਅਤੇ ਫਿਰਕੂ ਜਾਗੀਰੂ ਦਮਨਕਾਰੀ ਸ਼ਾਸਕ ਸੀ। ਲੋਕਾਂ ਨੂੰ ਸੰਗਠਿਤ ਕਰਨਾ ਆਸਾਨ ਨਹੀਂ ਸੀ। ਸੀ.ਆਰ ਜੋ ਕਮਿਊਨਿਸਟ ਸੋਸ਼ਲਿਸਟ ਪਾਰਟੀ (ਸੀ ਐੱਸ ਪੀ) ਅਤੇ ਕਾਂਗਰਸ ਦੁਆਰਾ ਬਣਾਈ ਗਈ ਜਾਂਚ ਕਮੇਟੀ ਦੇ ਮੈਂਬਰ ਵਜੋਂ ਉੱਥੇ ਗਏ ਸਨ, ਨੇ ਮੁਨਾਗਲਾ ਖੇਤਰ ਦਾ ਵਿਆਪਕ ਦੌਰਾ ਕੀਤਾ। ਸੀ.ਆਰ ਨੇ 1939 ਵਿੱਚ ਕ੍ਰਿਸ਼ਨਾ ਜ਼ਿਲ੍ਹੇ ਦੇ ਟੁਨੀਕੀਪਾਡੂ ਵਿੱਚ ਇੱਕ ਰਾਜਨੀਤਕ ਸਕੂਲ ਦਾ ਆਯੋਜਨ ਕੀਤਾ, ਜਿਸ ਵਿੱਚ ਰਵੀ ਨਾਰਾਇਣ ਰੈਡੀ, ਬੱਦਮ ਯੇਲਾ ਰੈਡੀ ਅਤੇ ਹੋਰ ਨੇਤਾ ਸ਼ਾਮਲ ਹੋਏ। ਪੁਲਸ ਹਮਲੇ ਦੇ ਡਰੋਂ ਸਕੂਲ ਨੂੰ ਰਵੀ ਨਾਰਾਇਣ ਰੈਡੀ ਦੇ ਜੱਦੀ ਪਿੰਡ ਬੋਲੇਪੱਲੀ ਵਿੱਚ ਤਬਦੀਲ ਕਰ ਦਿੱਤਾ ਗਿਆ।

1939 ਤੋਂ 1942 ਤੱਕ ਰੂਪੋਸ਼ ਰਹਿੰਦੇ ਹੋਏ ਸੀ.ਆਰ ਨੇ ਰਾਜ ਦੇ ਕਈ ਹਿੱਸਿਆਂ ਵਿੱਚ ਪਾਰਟੀ ਸੰਗਠਨ ਬਣਾਇਆ। ਥੋੜ੍ਹੇ ਸਮੇਂ ਲਈ ਉਹ ਮਦਰਾਸ ਵਿਧਾਨ ਪ੍ਰੀਸ਼ਦ ਦੇ ਮੈਂਬਰ ਵੀ ਰਹੇ। 1942 ਵਿੱਚ ਉਨ੍ਹਾਂ ਨੂੰ ਜ਼ਿਮੀਂਦਾਰਾਂ ਦੀਆਂ ਗੈਰ-ਕਾਨੂੰਨੀ ਕਾਰਵਾਈਆਂ ਦਾ ਵਿਰੋਧ ਕਰਨ ਲਈ 6 ਮਹੀਨਿਆਂ ਲਈ ਕੈਦ ਕੀਤਾ ਗਿਆ । ਉਨ੍ਹਾਂ ਦੀ ਅਗਵਾਈ ਵਿੱਚ 1946 ਵਿੱਚ ਬੇਜ਼ਮੀਨੇ ਅਤੇ ਖੇਤ ਮਜ਼ਦੂਰਾਂ ਨੇ 17000 ਏਕੜ ਘਰੇਲੂ ਜ਼ਮੀਨ 'ਤੇ ਕਬਜ਼ਾ ਕਰ ਲਿਆ। ਵੱਡੇ ਜਗੀਰੂ ਜ਼ਿਮੀਂਦਾਰਾਂ ਦੀਆਂ 3000 ਏਕੜ ਗੰਨੇ ਦੀਆਂ ਜ਼ਮੀਨਾਂ 'ਤੇ ਕਬਜ਼ਾ ਕਰਨ ਲਈ ਅੰਤਿਮ ਪੜਾਅ ਵਿੱਚ ਉਨ੍ਹਾਂ ਨੇ ਖੁਦ ਅਗਵਾਈ ਕੀਤੀ।

**1946-50 ਦਾ ਤੇਲੰਗਾਨਾ ਹਥਿਆਰਬੰਦ ਸੰਘਰਸ਼**

ਤੇਲੰਗਾਨਾ ਦਾ ਹਥਿਆਰਬੰਦ ਸੰਘਰਸ਼ ਦੋ ਪੜਾਵਾਂ ਵਿੱਚੋਂ ਲੰਘਿਆ: 1946-48 ਅਤੇ 1948-50

ਸੀ.ਆਰ, ਰਵੀ ਨਾਰਾਇਣ ਰੈਡੀ ਅਤੇ ਹੋਰ ਨੇਤਾਵਾਂ ਦੇ ਯਤਨਾਂ ਸਦਕਾ ਕਮਿਊਨਿਸਟ ਪਾਰਟੀ ਅਤੇ ਆਂਧਰਾ ਮਹਾਂਸਭਾ ਜੋ ਸੀ ਪੀ ਆਈ, ਕਾਂਗਰਸ ਅਤੇ ਹੋਰ ਸੰਗਠਨਾਂ ਦਾ ਇੱਕ ਵਿਆਪਕ ਜਨਤਕ ਸੰਗਠਨ ਸੀ, ਨੇ ਨਿਜ਼ਾਮ ਦੇ ਹੈਦਰਾਬਾਦ ਰਾਜ ਦੇ ਤੇਲੰਗਾਨਾ ਖੇਤਰ ਅਤੇ ਹੋਰ ਥਾਵਾਂ 'ਤੇ ਡੂੰਘਾ ਆਧਾਰ ਬਣਾ ਲਿਆ। ਪੀ ਸੀ ਜੋਸ਼ੀ ਸੀ ਪੀ ਆਈ ਦੇ ਜਨਰਲ ਸਕੱਤਰ ਸਨ। ਉਨ੍ਹਾਂ ਦੀ ਇਜਾਜ਼ਤ ਨਾਲ ਸੀ ਪੀ ਆਈ ਨੇ 1946 ਵਿੱਚ ਤੇਲੰਗਾਨਾ ਅਤੇ ਕੁਝ ਹੋਰ ਰਿਆਸਤਾਂ ਵਿੱਚ ਜਾਗੀਰਦਾਰਾਂ ਵਿਰੁੱਧ ਹਥਿਆਰਬੰਦ ਸੰਘਰਸ਼ ਸ਼ੁਰੂ ਕਰਨ ਦਾ ਫੈਸਲਾ ਕੀਤਾ। ਜਾਗੀਰਦਾਰਾਂ ਤੋਂ ਵਿਸ਼ਾਲ ਜ਼ਮੀਨਾਂ ਖੋਹਣਾ ਅਤੇ ਉਨ੍ਹਾਂ ਨੂੰ ਬੇਜ਼ਮੀਨੇ ਲੋਕਾਂ ਵਿੱਚ ਵੰਡਣਾ ਸੰਘਰਸ਼ ਦਾ ਮੁੱਖ ਉਦੇਸ਼ ਸੀ।

ਸੀ ਪੀ ਆਈ ਅਤੇ ਆਂਧਰਾ ਮਹਾਂਸਭਾ ਨੇ ਤੇਲੰਗਾਨਾ ਦੇ ਸੈਂਕੜੇ ਪਿੰਡਾਂ ਨੂੰ ਆਜ਼ਾਦ ਕਰਵਾ ਲਿਆ ਅਤੇ ਆਜ਼ਾਦ ਖੇਤਰਾਂ ਵਿੱਚ ਜ਼ਮੀਨਾਂ ਵੰਡੀਆਂ। ਹਥਿਆਰਬੰਦ ਗੁਰੀਲਾ ਦਸਤੇ ਨਿਜ਼ਾਮ ਦੇ ਗੁੰਡਿਆਂ, ਰਜ਼ਾਕਾਰਾਂ ਵਿਰੁੱਧ ਲੜੇ। ਸੀ.ਆਰ ਹਥਿਆਰਬੰਦ ਸੰਘਰਸ਼ ਦੇ ਪ੍ਰਮੁੱਖ ਨੇਤਾਵਾਂ ਵਿੱਚੋਂ ਇੱਕ ਸਨ।

ਇਸ ਦੌਰਾਨ ਭਾਰਤ 15 ਅਗਸਤ, 1947 ਨੂੰ ਆਜ਼ਾਦ ਹੋ ਗਿਆ, ਜਿਸ ਦਾ ਪੀ ਸੀ ਜੋਸ਼ੀ ਦੀ ਅਗਵਾਈ ਹੇਠ ਸੀ ਪੀ ਆਈ ਦੁਆਰਾ ਨਿੱਘਾ ਸਵਾਗਤ ਕੀਤਾ ਗਿਆ ਅਤੇ ਪੀ ਸੀ ਜੋਸ਼ੀ ਨੇ ਦੇਸ਼-ਵਿਆਪੀ ਜਸ਼ਨਾਂ ਦੀ ਅਗਵਾਈ ਕੀਤੀ। ਹੈਦਰਾਬਾਦ ਵਿੱਚ ਵੀ ਕਮਿਊਨਿਸਟਾਂ ਨੇ ਪੁਲਸ ਨੂੰ ਧੋਖਾ ਦਿੰਦੇ ਹੋਏ ਸਰਕਾਰੀ ਇਮਾਰਤਾਂ 'ਤੇ ਤਿਰੰਗਾ ਲਹਿਰਾਇਆ। ਸੀ.ਆਰ ਪਾਰਟੀ ਦੇ ਨੇਤਾ ਹੋਣ ਕਰਕੇ ਇਨ੍ਹਾਂ ਅੰਦੋਲਨਾਂ ਨੂੰ ਸਰਗਰਮੀ ਨਾਲ ਆਯੋਜਿਤ ਕਰਦੇ ਸਨ।

ਹੈਦਰਾਬਾਦ ਦੇ ਭਾਰਤ ਵਿੱਚ ਰਲੇਵੇਂ ਦੀ ਤਿਆਰੀ ਵਜੋਂ ਭਾਰਤ ਸਰਕਾਰ ਦੁਆਰਾ ਨਿਜ਼ਾਮ ਨਾਲ ਇੱਕ ਸਾਲ ਲਈ 'ਸਟੈਂਡਸਟਿਲ ਸਮਝੌਤਾ' ਕੀਤਾ ਗਿਆ ਸੀ।

ਸੀ ਪੀ ਆਈ ਹੈਦਰਾਬਾਦ ਅਤੇ ਹੋਰ ਰਿਆਸਤਾਂ ਦੇ ਭਾਰਤ ਵਿੱਚ ਰਲੇਵੇਂ ਲਈ ਸਰਗਰਮੀ ਨਾਲ ਦਬਾਅ ਪਾ ਰਹੀ ਸੀ। ਸਮਝੌਤੇ ਦੀ ਆਮ ਤੌਰ 'ਤੇ ਨਿਜ਼ਾਮ ਦੁਆਰਾ ਉਲੰਘਣਾ ਕੀਤੀ ਗਈ ਸੀ। ਉਸ ਨੇ ਹਿੰਦੂਆਂ ਅਤੇ ਕਮਿਊਨਿਸਟਾਂ ਵਿਰੁੱਧ ਵਿਆਪਕ ਪੱਧਰ 'ਤੇ ਫਿਰਕੂ ਹਿੰਸਾ ਦੀ ਵਰਤੋਂ ਵੀ ਕੀਤੀ।

**ਬੀ ਟੀ ਆਰ ਲਾਈਨ ਅਤੇ ਤੇਲੰਗਾਨਾ ਸੰਘਰਸ਼ ਦਾ ਦੂਜਾ ਪੜਾਅ**

ਇਸ ਦੌਰਾਨ ਫਰਵਰੀ-ਮਾਰਚ 1948 ਵਿੱਚ ਦੂਜੀ ਕਾਂਗਰਸ ਵਿੱਚ ਸੀ ਪੀ ਆਈ ਦੀ ਲੀਡਰਸ਼ਿਪ ਬਦਲ ਗਈ। ਪੀ ਸੀ ਜੋਸ਼ੀ ਦੀ ਥਾਂ ਬੀਟੀ ਰਣਦੀਵੇ (ਬੀ ਟੀ ਆਰ) ਨੇ ਲੈ ਲਈ, ਜਿਸ ਨੇ ਹਥਿਆਰਬੰਦ ਬਗਾਵਤ ਵਿੱਚ ਨਹਿਰੂ ਸ਼ਾਸਨ ਨੂੰ 'ਉਖਾੜ' ਕੇ ਸਮਾਜਵਾਦੀ ਇਨਕਲਾਬ ਦਾ ਸੱਦਾ ਦਿੱਤਾ। ਇਹ ਲਾਈਨ ਪੂਰੀ ਤਰ੍ਹਾਂ ਅਸਫਲ ਹੋ ਗਈ, ਜਿਸ ਨਾਲ ਸੀ ਪੀ ਆਈ ਅਤੇ ਜਨਤਕ ਸੰਗਠਨਾਂ ਨੂੰ ਬਹੁਤ ਵੱਡਾ ਨੁਕਸਾਨ ਹੋਇਆ।

ਇਸੇ ਦੌਰਾਨ ਭਾਰਤੀ ਫੌਜ ਅਤੇ ਪੁਲਸ ਸਤੰਬਰ 1948 ਵਿੱਚ ਹੈਦਰਾਬਾਦ ਵਿੱਚ ਦਾਖਲ ਹੋਈ, ਜਿਸ ਨੂੰ 'ਪੁਲਸ ਐਕਸ਼ਨ' ਕਿਹਾ ਜਾਂਦਾ ਹੈ। ਨਿਜ਼ਾਮ ਅਤੇ ਉਸ ਦੀ ਫੌਜ ਨੇ ਭਾਰਤੀ ਫੌਜ ਅੱਗੇ ਆਤਮ ਸਮਰਪਣ ਕਰ ਦਿੱਤਾ ਅਤੇ ਉਸ ਦੀ ਜਗ੍ਹਾ ਇੱਕ ਨਵੀਂ ਸਰਕਾਰ ਨੇ ਲੈ ਲਈ। ਇਸ ਤਰ੍ਹਾਂ ਹਥਿਆਰਬੰਦ ਸੰਘਰਸ਼ ਦੀਆਂ ਮੰਗਾਂ ਦਾ ਇੱਕ ਹਿੱਸਾ ਪੂਰਾ ਹੋ ਗਿਆ ਅਤੇ ਨਤੀਜੇ ਵਜੋਂ ਕਿਸਾਨੀ ਦਾ ਇੱਕ ਵੱਡਾ ਹਿੱਸਾ ਹਥਿਆਰਬੰਦ ਸੰਘਰਸ਼ ਛੱਡ ਗਿਆ। ਇਹ ਬਿਲਕੁਲ ਉਹ ਬਿੰਦੂ ਸੀ, ਜਿੱਥੇ ਹਥਿਆਰਬੰਦ ਸੰਘਰਸ਼ ਵਾਪਸ ਲੈ ਲਿਆ ਜਾਣਾ ਚਾਹੀਦਾ ਸੀ, ਪਰ ਬੀ ਟੀ ਆਰ ਲਾਈਨ ਦੇ ਤਰਕ ਨੇ ਕਿਸਾਨਾਂ ਦੇ ਸੰਘਰਸ਼ ਤੋਂ ਅਲੱਗ ਹੋਣ 'ਤੇ ਵੀ ਹਥਿਆਰਬੰਦ ਸੰਘਰਸ਼ ਜਾਰੀ ਰੱਖਿਆ। ਬੀ ਟੀ ਆਰ ਲੀਡਰਸ਼ਿਪ ਨੇ ਤੇਲੰਗਾਨਾ ਦੇ ਹਥਿਆਰਬੰਦ ਸੰਘਰਸ਼ ਨੂੰ ਵਿਸ਼ਾਲ 'ਭਾਰਤੀ ਇਨਕਲਾਬ' ਦੇ ਹਿੱਸੇ ਵਜੋਂ ਦੇਖਿਆ, ਨਾ ਕਿ ਜਗੀਰਦਾਰਾਂ ਦੇ ਵਿਰੁੱਧ ਇੱਕ ਸੰਘਰਸ਼ ਦੇ ਰੂਪ ਵਿੱਚ। ਇਸ ਤਰ੍ਹਾਂ ਇਹ ਪੂਰੀ ਤਰ੍ਹਾਂ ਅਲੱਗ-ਥਲੱਗ ਹੋ ਗਿਆ। ਹੁਣ ਭਾਰਤੀ ਫੌਜ ਦੇ ਵਿਰੁੱਧ ਹਥਿਆਰਬੰਦ ਸੰਘਰਸ਼ ਕੀਤਾ ਜਾ ਰਿਹਾ ਸੀ ਅਤੇ ਜਿਸ ਦਾ ਫੇਲ੍ਹ ਹੋਣਾ ਨਿਸ਼ਚਿਤ ਸੀ। ਕਮਿਊਨਿਸਟ ਦਸਤੇ ਪਿੰਡਾਂ ਤੋਂ ਜੰਗਲਾਂ ਵਿੱਚ ਪਿੱਛੇ ਹਟ ਗਏ, ਜਿੱਥੇ ਉਨ੍ਹਾਂ ਨੇ ਬਹਾਦਰੀ ਨਾਲ ਪਰ ਹਾਰਨ ਵਾਲਾ ਸੰਘਰਸ਼ ਲੜਿਆ। ਬੀ ਟੀ ਆਰ ਲੀਡਰਸ਼ਿਪ ਅਧੀਨ ਨਿਰੋਲ ਮਾਅਰਕੇਬਾਜ਼ੀ ਕਰਕੇ ਉਹ ਅਲੱਗ-ਥਲੱਗ ਹੋ ਗਏ ਅਤੇ ਹਾਰ ਗਏ।

**ਸੀ.ਆਰ ਨੇ ਬੀ ਟੀ ਆਰ ਦੀ ਥਾਂ ਲਈ 'ਆਂਧਰਾ ਲਾਈਨ'**

ਨਤੀਜੇ ਵਜੋਂ ਬੀ ਟੀ ਆਰ ਦੀ ਆਲੋਚਨਾ ਕੀਤੀ ਗਈ ਅਤੇ ਮਈ 1950 ਵਿੱਚ ਉਨ੍ਹਾਂ ਨੂੰ ਬਦਲ ਦਿੱਤਾ ਗਿਆ ਅਤੇ ਪਾਰਟੀ ਨੂੰ ਤਬਾਹੀ ਵੱਲ ਲਿਜਾਣ ਲਈ ਬੀ ਟੀ ਆਰ ਨੂੰ ਮੁਅੱਤਲ ਕਰ ਦਿੱਤਾ ਗਿਆ। ਪਾਰਟੀ ਮੈਂਬਰਸ਼ਿਪ ਦੋ ਸਾਲਾਂ ਵਿੱਚ 90 ਹਜ਼ਾਰ ਤੋਂ ਘਟ ਕੇ ਸਿਰਫ਼ 9 ਹਜ਼ਾਰ ਰਹਿ ਗਈ। ਕਲਕੱਤਾ ਵਿੱਚ ਇੱਕ ਭੂਮੀਗਤ ਵਿਸਤ੍ਰਿਤ ਕੇਂਦਰੀ ਕਮੇਟੀ ਦੀ ਮੀਟਿੰਗ ਵਿੱਚ ਬੀ ਟੀ ਆਰ ਦੀ ਥਾਂ ਸੀ.ਆਰ ਨੂੰ ਜਨਰਲ ਸਕੱਤਰ ਵਜੋਂ ਨਿਯੁਕਤ ਕੀਤਾ ਗਿਆ। ਸੀ.ਆਰ ਅਤੇ ਉਨ੍ਹਾਂ 

# ਦੁਨੀਆ ਦੀ ਵੱਡੀ ਲੋੜ : ਸੌ ਕੰਮਾਂ ਦਾ ਕੰਮ, ਸੰਸਾਰ ਅਮਨ ਦੀ ਲਹਿਰ

ਦ੍ਰਿਸ਼ਟੀਕੋਣ
ਜਤਿੰਦਰ ਪਨੂੰ

ਬੀਤੇ ਹਫਤੇ ਦਾ ਉਹ ਦਿਨ ਚਿਰਾਂ ਤੱਕ ਕਈ ਲੋਕਾਂ ਨੂੰ ਯਾਦ ਰਹੇਗਾ, ਜਦੋਂ ਯੂਕਰੇਨ ਵੱਲੋਂ ਕੀਤੇ ਡਰੋਨ ਹਮਲਿਆਂ ਨਾਲ ਰੂਸ ਦੇ ਇੱਕ ਹਵਾਈ ਅੱਡੇ ਨੂੰ ਤਬਾਹ ਕਰਨ ਦਾ ਦਾਅਵਾ ਕੀਤਾ ਗਿਆ ਸੀ। ਸੰਸਾਰ ਭਰ ਦਾ ਮੀਡੀਆ ਇਹ ਦੱਸਣ ਲਈ ਜ਼ੋਰ ਲਾਈ ਗਿਆ ਕਿ ਛੋਟੇ ਜਿਹੇ ਇਸ ਦੇਸ਼ ਨੇ ਰੂਸ ਵਰਗੀ ਤਾਕਤ ਨੂੰ ਇਸ ਹਮਲੇ ਨਾਲ ਹਿਲਾ ਦਿੱਤਾ ਹੈ ਤੇ ਉਹ ਇਸ ਚੋਟ ਦਾ ਬਦਲਾ ਲੈਣ ਲਈ ਹਰ ਹੀਲਾ ਵਰਤਣ ਤੱਕ ਜਾ ਸਕਦਾ ਹੈ। ਹਮਲੇ ਦਾ ਢੰਗ ਖਬਰ ਏਜੰਸੀਆਂ ਨੇ ਵੀ ਅਤੇ ਮਾਹਰਾਂ ਨੇ ਵੀ ਉਸ ਹਮਲੇ ਦੇ ਮੁਕਾਬਲੇ ਦਾ ਬਣਾ ਕੇ ਪੇਸ਼ ਕੀਤਾ, ਜਿਸ ਵਿੱਚ ਇਸਰਾਈਲ ਨੇ ਪਹਿਲਾਂ ਕਿਸੇ ਵਪਾਰਕ ਕੰਪਨੀ ਦੇ ਰਾਹੀਂ ਪੇਜਰ ਵੇਚੇ ਸਨ ਤੇ ਜਦੋਂ ਉਹ ਪੇਜਰ ਇਸਰਾਈਲ ਦੇ ਦੁਸ਼ਮਣਾਂ ਨੇ ਵਰਤਣ ਲਈ ਖਰੀਦ ਲਏ ਸਨ ਤਾਂ ਇੱਕ ਦਿਨ ਅਚਾਨਕ ਉਨ੍ਹਾਂ ਅੰਦਰਲੇ ਬਾਰੂਦ ਦਾ ਬਟਨ ਇਸਰਾਈਲ ਵਿੱਚੋਂ ਬੈਠਿਆਂ ਦੱਬ ਦਿੱਤਾ ਸੀ। ਇਸ ਅਨੋਖੇ ਹਮਲੇ ਵਿੱਚ ਇਸਰਾਈਲ ਨੇ ਆਪਣੇ ਕਿੰਨੇ ਦੁਸ਼ਮਣ ਮਾਰੇ, ਇਹ ਤਾਂ ਪਤਾ ਨਹੀਂ, ਪਰ ਜਦੋਂ ਯੂਕਰੇਨ ਨੇ ਅਚਾਨਕ ਇਹੋ ਦਾਅ ਵਰਤਿਆ ਅਤੇ ਮਾਲ-ਵਾਹਕ ਟਰੱਕਾਂ ਵਿੱਚ ਲੁਕਾ ਕੇ ਰੂਸ ਦੇ ਏਅਰ ਬੇਸ ਤੱਕ ਡਰੋਨ ਪੁਚਾਏ ਅਤੇ ਹਮਲਾ ਕਰ ਕੇ ਉਸ ਦਾ ਅਣਕਿਆਸਿਆ ਨੁਕਸਾਨ ਕਰ ਦਿੱਤਾ ਤਾਂ ਦੁਨੀਆ ਹੈਰਾਨ ਰਹਿ ਗਈ ਸੀ। ਸੰਸਾਰ ਦੀਆਂ ਘਟਨਾਵਾਂ ਦੀ ਵਿਆਖਿਆ ਕਰਨ ਵਾਲੇ ਮਾਹਰਾਂ ਦੀ ਇਸ ਬਾਰੇ ਇੱਕੋ ਰਾਏ ਸੀ ਕਿ ਏਦਾਂ ਦਾ ਹਮਲਾ ਯੂਕਰੇਨ ਆਪਣੇ ਆਪ ਕਰਨ ਜੋਗਾ ਨਹੀਂ ਅਤੇ ਇਹ ਕੰਮ ਉਸ ਨੇ ਆਪਣੇ ਹਮਾਇਤੀ ਗੱਠਜੋੜ ਦੇ ਰਣਨੀਤੀਕਾਰਾਂ ਦੀ ਸਲਾਹ ਤੇ ਸਹਾਇਤਾ ਨਾਲ ਕੀਤਾ ਹੋਵੇਗਾ।

ਇਹ ਹਮਲਾ ਹੋਣ ਮਗਰੋਂ ਇਹ ਚਰਚਾ ਛਿੜ ਗਈ ਕਿ ਰੂਸ ਇਸ ਦਾ ਬਦਲਾ ਲਵੇਗਾ ਅਤੇ ਇਹ ਚਰਚਾ ਵੀ ਨਾਲ ਛਿੜ ਗਈ ਕਿ ਜਿੱਦਾਂ ਦਾ ਹਮਲਾ ਅਤੇ ਨੁਕਸਾਨ ਜਾਪਾਨ ਨੇ ਦੂਸਰੀ ਸੰਸਾਰ ਜੰਗ ਦੌਰਾਨ ਪਰਲ ਹਾਰਬਰ ਦੇ ਹਮਲੇ ਨਾਲ ਅਮਰੀਕਾ ਦਾ ਕਰ ਦਿੱਤਾ ਸੀ, ਇਹ ਹਮਲਾ ਰੂਸ ਲਈ ਦੂਸਰਾ ਪਰਲ ਹਾਰਬਰ ਹੋ ਸਕਦਾ ਹੈ। ਦੂਸਰਾ ਪਰਲ ਹਾਰਬਰ ਹੋ ਸਕਦਾ ਦਾ ਮਤਲਬ ਇਹ ਦੱਸਿਆ ਗਿਆ ਕਿ ਜਿਵੇਂ ਅਮਰੀਕਾ ਨੇ ਪਰਲ ਹਾਰਬਰ ਦਾ ਬਦਲਾ ਲੈਣ ਦਾ ਬਹਾਨਾ ਬਣਾ ਕੇ ਜਾਪਾਨ ਦੇ ਦੋ ਸ਼ਹਿਰਾਂ ਹੀਰੋਸ਼ੀਮਾ ਅਤੇ ਨਾਗਾਸਾਕੀ ਵਿੱਚ ਐਟਮੀ ਹਮਲੇ ਕੀਤੇ ਸਨ, ਰੂਸ ਓਦਾਂ ਦਾ ਐਟਮੀ ਹਮਲਾ ਵੀ ਕਰ ਸਕਦਾ ਹੈ ਤੇ ਚਰਚਾ ਇਹ ਵੀ ਹੋਈ ਕਿ ਉਸ ਨੇ ਇਸ ਮਕਸਦ ਲਈ ਐਟਮੀ ਨੀਤੀ ਤਬਦੀਲ ਕਰ ਲਈ ਹੈ। ਸੰਸਾਰ ਦੇ ਮਾਹਰਾਂ ਨੇ ਇਹ ਵੀ ਦੱਸਿਆ ਕਿ ਰੂਸ ਨੇ ਅੱਜ ਤੱਕ ਦੀ ਐਟਮੀ ਹਮਲੇ ਦੀ ਪਹਿਲ ਨਾ ਕਰਨ ਦੀ ਨੀਤੀ ਤਬਦੀਲ ਕਰ ਕੇ ਇਹ ਨੀਤੀ ਅਪਣਾ ਲਈ ਹੈ ਕਿ ਜੇ ਉਸ ਦੀ ਅਖੰਡਤਾ ਅਤੇ ਖੁਦਮੁਖਤਾਰੀ ਨੂੰ ਖਤਰਾ ਮਹਿਸੂਸ ਹੋਇਆ ਤਾਂ ਉਸ ਨੂੰ ਪਹਿਲ ਕਰਨ ਵਿੱਚ ਵੀ ਕੋਈ ਝਿਜਕ ਨਹੀਂ ਹੋਵੇਗੀ। ਇਨ੍ਹਾਂ ਮਾਹਰਾਂ ਨੇ ਇਹ ਸਾਰਾ ਕੁਝ ਇਸ ਤਰ੍ਹਾਂ ਪੇਸ਼ ਕੀਤਾ ਕਿ ਇਸ ਦੇ ਬਾਅਦ ਜੰਗ ਬੱਸ ਲੱਗਣ ਹੀ ਵਾਲੀ ਹੈ ਅਤੇ ਜੰਗ ਵੀ ਸਾਧਾਰਨ ਨਹੀਂ, ਐਟਮੀ ਕਿਸਮ ਦੀ ਹੋਣ ਵਾਲੀ ਹੈ।

ਮੌਤਾਂ ਅਤੇ ਮਕਾਣਾਂ ਦੀ ਚਰਚਾ ਨਾਲ ਆਪਣੀ ਹੈਸੀਅਤ ਪੇਸ਼ ਕਰਨ ਵਾਲੇ ਮੀਡੀਆ ਮਾਹਰਾਂ ਨੇ ਇਸ ਤਰ੍ਹਾਂ ਕਈ ਵਾਰੀ ਕਿਆਮਤ ਦੇ ਕਿਆਫੇ ਲਾ ਕੇ ਦੁਨੀਆ ਦਾ ਤ੍ਰਾਹ ਕੱਢਿਆ ਪਿਆ ਹੈ, ਪਰ ਅਜੇ ਤੱਕ ਇਹ ਗੱਲ ਹੋਈ ਨਹੀਂ। ਅਸੀਂ ਇਹ ਨਹੀਂ ਕਹਿ ਸਕਦੇ ਕਿ ਇਹ ਗੱਲ ਹੋ ਨਹੀਂ ਸਕਦੀ, ਹੋਣ ਨੂੰ ਕਦੇ ਵੀ ਹੋ ਸਕਦੀ ਹੈ, ਪਰ ਜਿੱਦਾਂ ਚਰਚੇ ਕਰਨ ਵਾਲੇ ਇਹ ਮੁੱਦਾ ਪੇਸ਼ ਕਰਦੇ ਹਨ, ਉਹ ਵੀ ਭਾਰਤ ਦੇ ਕੌਮੀ ਚੈਨਲਾਂ ਦੇ ਕੈਮਰਿਆਂ ਅੱਗੇ ਬੈਠੇ ਮੁੰਡਿਆਂ ਅਤੇ ਕੁੜੀਆਂ ਵਾਂਗ ਹਕੀਕਤ ਬਿਆਨੀ ਘੱਟ ਅਤੇ ਦਹਿਸ਼ਤ ਪਰੋਸਣ ਦਾ ਕੰਮ ਵੱਧ ਕਰਦੇ ਹਨ। ਭਾਰਤ ਅਤੇ ਪਾਕਿਸਤਾਨ ਦਰਮਿਆਨ ਮਈ ਵਿੱਚ ਜਿਹੋ ਜਿਹਾ ਤਣਾਅ ਬਣਿਆ ਸੀ, ਰੂਸ ਅਤੇ ਯੂਕਰੇਨ ਦਾ ਉਸ ਤੋਂ ਵੱਧ ਪਿਛਲੇ ਕਈ ਸਾਲਾਂ ਤੋਂ ਬਣਿਆ ਰਿਹਾ ਤੇ ਕਰੀਮੀਆ ਉੱਤੇ ਰੂਸ ਦੇ ਕਬਜ਼ੇ ਦੇ ਦਿਨਾਂ ਤੋਂ ਚੱਲਦਾ ਪਿਆ ਹੈ, ਪਰ ਐਟਮੀ ਹਥਿਆਰਾਂ ਦੀ ਵਰਤੋਂ ਕਰਨ ਦੀ ਧਮਕੀ ਰੂਸ ਵੱਲੋਂ ਦਿੱਤੀ ਕਦੇ ਕਿਸੇ ਨਹੀਂ ਸੁਣੀ। ਇਸ ਦੇ ਉਲਟ ਭਾਰਤ ਦੇ ਗਵਾਂਢ ਪਾਕਿਸਤਾਨ ਵਿੱਚੋਂ ਕਈ ਸਿਆਸੀ ਲੀਡਰ ਗਾਹੇ-ਬਗਾਹੇ ਏਦਾਂ ਦੀਆਂ ਧਮਕੀਆਂ ਦੇਂਦੇ ਰਹਿੰਦੇ ਹਨ ਅਤੇ ਇੱਕ ਵਾਰੀ ਇੱਕ ਸਿਰਫਿਰੇ ਪਾਕਿਸਤਾਨੀ ਮੰਤਰੀ ਨੇ ਤਾਂ ਇਹ ਵੀ ਕਹਿ ਦਿੱਤਾ ਸੀ ਕਿ ਭਾਰਤ ਦੇ ਖਿਲਾਫ ਵਰਤਣ ਲਈ ਉਨ੍ਹਾਂ ਪਾਈਆ-ਪਾਈਆ ਦੇ ਐਟਮ ਬੰਬ ਬਣਾਏ ਹੋਏ ਹਨ, ਜਿਹੜੇ ਗਲੀ-ਗਲੀ ਵਿੱਚ ਚਲਾ ਦਿੱਤੇ ਜਾਣਗੇ। ਓਦੋਂ ਦੁਨੀਆ ਹੈਰਾਨ ਹੋ ਗਈ ਕਿ ਪਾਕਿਸਤਾਨ ਪਹਿਲਾ ਦੇਸ਼ ਹੈ, ਜਿਸ ਨੇ ਪਾਈਆ-ਪਾਈਆ ਦੇ ਐਟਮ ਬੰਬ ਬਣਾ ਰੱਖੇ ਹਨ, ਪਰ ਇਹ ਧਮਕੀ ਹੀ ਸੀ, ਵਰਤਣ ਦੀ ਨੌਬਤ ਕਦੇ ਵੀ ਨਹੀਂ ਆਈ। ਇਸ ਵਾਰ ਜਦੋਂ ਮਈ ਵਿੱਚ ਪਾਕਿਸਤਾਨ ਨਾਲ ਤਣਾਅ ਜਿਹਾ ਬਣਿਆ ਤਾਂ ਸਭ ਤੋਂ ਭੱਦਾ ਬਿਆਨ ਉਸ ਦੇਸ਼ ਦੀ ਮਰਹੂਮ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਦੇ ਪੁੱਤਰ ਦਾ ਸੀ ਕਿ ਪਾਕਿਸਤਾਨ ਦੀਆਂ ਨਦੀਆਂ ਵਿੱਚ ਹਿੰਦੁਸਤਾਨ ਦੇ ਲੋਕਾਂ ਦਾ ਖੂਨ ਵਗੇਗਾ। ਜਿੰਨੀ ਕਿਸੇ ਨੂੰ ਅਕਲ ਹੋਵੇ, ਓਨੀ ਕੁ ਸਿਆਣੀ ਗੱਲ ਕਰ ਛੱਡਦਾ ਹੈ, ਪਰ ਅਸਲ ਵਿੱਚ ਏਦਾਂ ਦੀ ਸਥਿਤੀ ਇਸ ਖਿੱਤੇ ਵਿੱਚ ਅਜੇ ਤੱਕ ਨਹੀਂ ਆਈ ਤੇ ਛੇਤੀ ਕੀਤੇ ਆਉਣੀ ਵੀ ਨਹੀਂ ਕਿ ਐਟਮ ਬੰਬ ਚਲਾਏ ਜਾਣ।

ਫਿਰ ਵੀ ਨੋਟ ਕਰਨ ਵਾਲੀ ਵੱਡੀ ਗੱਲ ਇਹ ਹੈ ਕਿ ਦੂਸਰੀ ਸੰਸਾਰ ਜੰਗ ਤੋਂ ਬਾਅਦ ਅੱਜ ਤੱਕ ਦੇ ਵਕਤ ਦੌਰਾਨ ਕਦੇ ਵੀ ਏਨੇ ਕਿਸਮ ਦੇ ਟਕਰਾਅ ਤੇ ਇਸ ਹੱਦ ਤੱਕ ਤਿੱਖੇ ਟਕਰਾਅ ਅੱਜ ਤੱਕ ਕਦੇ ਨਹੀਂ ਵੇਖੇ ਗਏ। ਦੁਨੀਆ ਦੇ ਹਰ ਕੋਨੇ ਵਿੱਚ ਕਿਸੇ ਨਾ ਕਿਸੇ ਤਰ੍ਹਾਂ ਦਾ ਕੋਈ ਨਾ ਕੋਈ ਭੇੜ ਚੱਲੀ ਜਾਂਦਾ ਹੈ ਤੇ ਇਨ੍ਹਾਂ ਟਕਰਾਵਾਂ ਵਿੱਚੋਂ ਬਹੁਤਿਆਂ ਦੇ ਪਿੱਛੇ ਸੰਸਾਰ ਦੀਆਂ ਉਹ ਸ਼ਕਤੀਆਂ ਕੰਮ ਕਰਦੀਆਂ ਹੋਣ ਦੀ ਚਰਚਾ ਹੁੰਦੀ ਹੈ, ਜਿਨ੍ਹਾਂ ਦਾ ਕਾਰੋਬਾਰ ਏਦਾਂ ਦੇ ਜੰਗੀ ਟਕਰਾਵਾਂ ਆਸਰੇ ਚੱਲਦਾ ਹੈ। ਜਦੋਂ ਕੋਵਿਡ ਦੀ ਮਾਰ ਦੇ ਦਿਨਾਂ ਵਿੱਚ ਹੋਰ ਸਾਰੇ ਕਾਰੋਬਾਰ ਠੱਪ ਹੋਣ ਦੀ ਨੌਬਤ ਆਈ ਸੀ, ਸੰਸਾਰ ਦਾ ਪਹੀਆ ਘੁੰਮਦਾ ਰੱਖਣ ਵਾਸਤੇ ਜ਼ਰੂਰੀ ਪੈਟਰੋਲ ਅਤੇ ਡੀਜ਼ਲ ਦਾ ਕਾਰੋਬਾਰ ਤੱਕ ਠੱਪ ਹੋ ਗਿਆ ਸੀ, ਜੰਗੀ ਸਾਮਾਨ ਦਾ ਕਾਰੋਬਾਰ ਉਸ ਵੇਲੇ ਵੀ ਆਪਣੀ ਚਾਲ ਚੱਲਦਾ ਰਿਹਾ ਸੀ। ਆਪਣੇ ਵਰਤਮਾਨ ਦੀ ਕੋਵਿਡ ਦੀ ਬਿਮਾਰੀ ਅਤੇ ਬਾਅਦ ਵਿੱਚ ਇਸ ਨਾਲ ਪੈਣ ਵਾਲੇ ਮੰਦੇ ਤੋਂ ਬਚਣ ਲਈ ਕੁਝ ਬੱਚਤ ਕਰਨ ਦੀ ਥਾਂ ਦੁਨੀਆ ਦੇ ਬਹੁਤ ਸਾਰੇ ਦੇਸ਼ ਉਸ ਵੇਲੇ ਵੀ ਜੰਗੀ ਸਾਮਾਨ ਖਰੀਦਦੇ ਰਹੇ ਸਨ, ਕਿਉਂਕਿ ਇਹ ਚਰਚਾ ਜ਼ੋਰ ਫੜਦੀ ਜਾਂਦੀ ਸੀ ਕਿ ਬਿਮਾਰੀ ਦੀ ਮਾਰ ਵਧ ਗਈ ਤਾਂ ਗਰੀਬੀ ਮਾਰੇ ਦੇਸ਼ ਆਪਣੇ ਨਾਲ ਸ਼ਰੀਕਾ ਰੱਖਦੇ ਦੇਸ਼ਾਂ ਉੱਤੇ ਹਮਲੇ ਕਰ ਸਕਦੇ ਹਨ। ਏਦਾਂ ਦੇ ਪ੍ਰਚਾਰ ਜਾਂ ਪ੍ਰਚਾਰ ਵਾਂਗ ਪ੍ਰਭਾਵ ਪਾਉਣ ਵਾਲੀ ਚਰਚਾ ਦੇ ਦਬਾਅ ਹੇਠ ਹਥਿਆਰ ਵੇਚਣ ਵਾਲੀਆਂ ਕੰਪਨੀਆਂ ਅਤੇ ਉਨ੍ਹਾਂ ਦੇ ਪਿੱਛੇ ਖੜੇ ਮੁਲਕਾਂ ਦੇ ਆਗੂਆਂ ਦਾ ਦਾਅ ਲੱਗਾ ਰਿਹਾ ਅਤੇ ਉਹ ਬਾਕੀ ਦੇਸ਼ਾਂ ਵਾਲਿਆਂ ਦੀਆਂ ਜੇਬਾਂ ਕੱਟਦੇ ਰਹੇ ਸਨ।

ਇਹੋ ਜਿਹੇ ਸਵਾਲਾਂ ਜਾਂ ਚਰਚਾ ਦੇ ਵਿਚਾਲੇ ਇੱਕ ਹੋਰ ਸਵਾਲ ਖੜਾ ਹੋ ਜਾਂਦਾ ਹੈ ਕਿ ਜਦੋਂ ਜੰਗਾਂ ਤੇ ਫਿਰ ਐਟਮ ਬੰਬ ਤੱਕ ਚੱਲਣ ਵਾਲੀਆਂ ਜੰਗਾਂ ਦਾ ਖਤਰਾ ਏਨਾ ਹੀ ਜ਼ਿਆਦਾ ਹੈ ਤਾਂ ਆਪਣੇ ਆਪ ਨੂੰ ਸੱਭਿਅਕ ਕਹਿਣ ਅਤੇ ਦੁਨੀਆ ਨੂੰ ਸੱਭਿਅਤਾ ਸਿਖਾਉਣ ਦੇ ਦਾਅਵੇ ਕਰਨ ਵਾਲੇ ਦੇਸ਼ਾਂ ਦੇ ਹਾਕਮ ਇਸ ਨੂੰ ਰੋਕਣ ਲਈ ਕੁਝ ਕਰਦੇ ਕਿਉਂ ਨਹੀਂ! ਜਦੋਂ ਦੂਸਰੀ ਸੰਸਾਰ ਜੰਗ ਦੇ ਬਾਅਦ ਵੇਖਿਆ ਗਿਆ ਕਿ ਪਹਿਲੀ ਸੰਸਾਰ ਜੰਗ ਪਿੱਛੋਂ ਅਮਨ ਲਈ ਕੋਸ਼ਿਸ਼ਾਂ ਕਰਨ ਲਈ ਖੜੀ ਕੀਤੀ ਗਈ ਲੀਗ ਆਫ ਨੇਸ਼ਨਜ਼ ਫੇਲ੍ਹ ਹੋ ਚੁੱਕੀ ਹੈ, ਓਦੋਂ ਉਸ ਦੀ ਥਾਂ ਯੂਨਾਈਟਿਡ ਨੇਸ਼ਨਜ਼ ਆਰਗੇਨਾਈਜ਼ੇਸ਼ਨ (ਯੂ ਐੱਨ ਓ) ਕਾਇਮ ਕੀਤੀ ਗਈ ਸੀ, ਜਿਹੜੀ ਵੱਧ ਪ੍ਰਭਾਵ ਵਾਲੀ ਹੋਣ ਦਾ ਦਾਅਵਾ ਕੀਤਾ ਗਿਆ ਸੀ। ਕੀ ਇਹ ਨਵੀਂ ਜਥੇਬੰਦੀ ਕਦੀ ਸੰਸਾਰ ਦੇ ਕਿਸੇ ਕੋਨੇ ਵਿੱਚ ਹੋਣ ਲੱਗੇ ਜਾਂ ਸ਼ੁਰੂ ਹੋ ਚੁੱਕੇ ਸੰਘਰਸ਼ ਅਤੇ ਟਕਰਾਅ ਨੂੰ ਰੋਕਣ ਜੋਗਾ ਪ੍ਰਭਾਵੀ ਦਖਲ ਦੇਣ ਜੋਗੀ ਸਾਬਤ ਹੋਈ ਹੈ। ਪਿੰਡ ਦੇ ਬੋਹੜਾਂ ਹੇਠ ਬੈਠੇ ਵਿਹਲੇ ਤਾਸ਼ ਖੇਡਣ ਵਾਲਿਆਂ ਵਾਂਗ ਇਹ ਸੰਸਾਰ ਦੀ ਪੰਚਾਇਤ ਇੱਕ ਗੱਪ-ਸ਼ੱਪ ਜੋਗਾ ਅੱਡਾ ਬਣੀ ਰਹੀ ਹੈ, ਜਿੱਥੇ ਸਭ ਨੂੰ ਆਪਣੀ ਗੱਲ ਕਹਿਣ ਦਾ ਜਿੰਨਾ ਹੱਕ ਹੈ, ਓਨਾ ਦੂਸਰਿਆਂ ਦੀ ਕਹੀ ਗੱਲ ਨੂੰ ਅਣਸੁਣੀ ਕਰਨ ਦਾ ਹੈ। ਜਦੋਂ ਕਦੇ ਕਿਸੇ ਮੁੱਦੇ ਉੱਤੇ ਸੰਸਾਰ ਦੇ ਦੇਸ਼ ਅਮਨ ਵਾਸਤੇ ਕਿਸੇ ਗੱਲ ਦੀ ਸਹਿਮਤੀ ਕਰਦੇ ਦਿਖਾਈ ਦਿੰਦੇ ਹਨ ਤਾਂ ਵੀਟੋ ਪਾਵਰ ਵਾਲੇ ਪੰਜ ਮੁਲਕਾਂ ਵਿੱਚੋਂ ਕੋਈ ਇੱਕ ਜਣਾ ਮੂਹਰੇ ਲੱਤ ਗੱਡ ਕੇ ਮਤਾ ਪਾਸ ਹੋਣ ਤੋਂ ਰੋਕ ਦਿੰਦਾ ਤੇ ਅਮਨ ਦੀ ਰਾਖੀ ਦਾ ਦਾਅਵਾ ਕਰਦੀ ਪੰਚਾਇਤ ਯੂ ਐੱਨ ਓ ਕਿਸੇ ਆਕੜ ਖਾਂ ਅੱਗੇ ਬੌਣੀ ਹੋਈ ਕਿਸੇ ਪਿੰਡ ਦੀ ਪੰਚਾਇਤ ਵਰਗੀ ਨਿਤਾਣੀ ਹੋ ਜਾਂਦੀ ਹੈ। ਜਿਸ ਅਮਰੀਕਾ ਨੇ ਦੂਸਰੀ ਸੰਸਾਰ ਜੰਗ ਦੇ ਬਾਅਦ ਇਹ ਸੰਸਥਾ ਬਣਾਉਣ ਵਾਸਤੇ ਅੱਗੇ ਲੱਗਣ ਦਾ ਦਾਅਵਾ ਕੀਤਾ ਸੀ, ਉਸ ਦਾ ਹਰ ਰਾਸ਼ਟਰਪਤੀ ਆਪਣੀ ਗੱਲ ਮੰਨਵਾਉਣ ਲਈ ਇਸ ਸੰਸਥਾ ਦੇ ਫੰਡ ਰੋਕਣ ਜਾਂ ਇਸ ਵਿੱਚੋਂ ਨਿਕਲ ਜਾਣ ਦੇ ਦਬਕੇ ਮਾਰਦਾ ਕਈ ਵਾਰ ਸੁਣੀਂਦਾ ਹੈ। ਸੰਸਾਰ ਦੇ ਬਾਕੀ ਲੋਕਾਂ ਦੀ ਅਮਰੀਕਾ ਦੇ ਇਹੋ ਜਿਹੇ ਹਰ ਕਿਸੇ ਦਾਅਵੇ ਅੱਗੇ ਫੂਕ ਨਿਕਲ ਜਾਂਦੀ ਹੈ ਅਤੇ ਚੁੱਪ ਕਰ ਜਾਂਦੇ ਹਨ।

ਖਤਰਾ ਇਸ ਵਕਤ ਹਕੀਕੀ ਹੈ ਕਿ ਐਟਮ ਦੀ ਵਰਤੋਂ ਕੀਤੀ ਜਾ ਸਕਦੀ ਹੈ, ਪਰ ਇਹ ਖਤਰਾ ਰੂਸ ਜਾਂ ਏਦਾਂ ਦੇ ਕਿਸੇ ਜੰਗ ਵਿੱਚ ਫਸੇ ਹੋਏ ਦੇਸ਼ ਤੋਂ ਵੱਧ ਸੰਸਾਰ ਪੱਧਰ ਦੀਆਂ ਉਨ੍ਹਾਂ ਜਥੇਬੰਦੀਆਂ ਵੱਲੋਂ ਹੈ, ਜਿਹੜੀਆਂ ਖੁਦ ਵੀ ਮਰਨ ਜਾਂ ਹੋਰਨਾਂ ਨੂੰ ਮਾਰਨ ਲਈ ਹਰ ਹੱਦ ਟੱਪ ਸਕਦੀਆਂ ਹਨ। ਅਮਰੀਕਾ ਦੇ ਵਰਲਡ ਟਰੇਡ ਸੈਂਟਰ ਉੱਤੇ ਜਹਾਜ਼ਾਂ ਦੀਆਂ ਟੱਕਰਾਂ ਮਾਰਨ ਵਾਲੇ ਟੋਲੇ ਨੂੰ ਹੋਰਨਾਂ ਦੀ ਮੌਤ ਚਿਤਵਣ ਦੇ ਵਕਤ ਆਪਣੀ ਮੌਤ ਦਾ ਵੀ ਅਗੇਤਾ ਪਤਾ ਲੱਗ ਚੁੱਕਣ ਦੇ ਬਾਵਜੂਦ ਉਹ ਇਸ ਦੁਖਾਂਤ ਦਾ ਹਿੱਸਾ ਬਣਨ ਤੋਂ ਝਿਜਕੇ ਨਹੀਂ ਸਨ। ਇਸ ਤਰ੍ਹਾਂ ਦੇ ਜਨੂੰਨ ਸਿਰਾਂ ਵਿੱਚ ਭਰਨ ਦਾ ਕੰਮ ਜਿਹੜੀਆਂ ਤਾਕਤਾਂ ਕਰ ਰਹੀਆਂ ਹਨ, ਆਪਣੇ ਆਪ ਨੂੰ ਸੱਭਿਅਤਾ ਦੇ ਰਖਵਾਲੇ ਕਹਿਣ ਵਾਲੇ ਦੇਸ਼ ਕਦੇ ਉਨ੍ਹਾਂ ਵਿਰੁੱਧ ਪੈਂਤੜਾ ਨਹੀਂ ਮੱਲਦੇ, ਉਲਟਾ ਉਹ ਜਦੋਂ ਕਦੇ ਫਸੇ ਜਾਪਦੇ ਹੋਣ, ਵੱਡੀਆਂ ਤਾਕਤਾਂ ਵਿੱਚੋਂ ਕੋਈ ਨਾ ਕੋਈ ਉਨ੍ਹਾਂ ਦੇ ਪੱਖ ਵਿੱਚ ਲੱਤ ਗੱਡ ਕੇ ਸੰਸਾਰ ਦੀ ਪੰਚਾਇਤ ਵਿੱਚ ਮਤਾ ਪਾਸ ਹੋਣ ਤੋਂ ਰੋਕ ਦੇਂਦੀ ਹੈ। ਵੀਟੋ ਪਾਵਰ ਜਿਹੜੀਆਂ ਤਾਕਤਾਂ ਨੂੰ ਉਸ ਵੇਲੇ ਦਿੱਤੀ ਗਈ ਸੀ, ਉਨ੍ਹਾਂ ਦੀ ਇਹ ਇਖਲਾਕੀ ਜ਼ਿੰਮੇਵਾਰੀ ਮੰਨੀ ਗਈ ਸੀ ਕਿ ਉਹ ਸੰਸਾਰ ਦੇ ਅਮਨ ਲਈ ਸਾਂਝੇ ਯਤਨਾਂ ਵਿੱਚ ਹਿੱਸਾ ਬਣਨਗੀਆਂ ਅਤੇ ਹਰੀ-ਭਰੀ ਇਹ ਸੋਹਣੀ ਧਰਤੀ ਨਰਕ ਬਣਨ ਤੋਂ ਰੋਕਣ ਵਾਸਤੇ ਸਾਰਥਿਕ ਕਦਮ ਚੁੱਕਿਆ ਕਰਨਗੀਆਂ। ਹੋਇਆ ਉਲਟਾ ਇਹ ਕਿ ਇਨ੍ਹਾਂ ਵੀਟੋ ਵਾਲੇ ਦੇਸ਼ਾਂ ਨੇ ਇਸ ਨੂੰ ਸੰਸਾਰ ਰਾਏ ਮੂਹਰੇ ਅੜਿੱਕੇ ਖੜੇ ਕਰਨ ਦਾ ਇੱਕ ਆਪਣੀ ਕਿਸਮ ਦਾ ਨਵਾਂ ਹਥਿਆਰ ਬਣਾ ਲਿਆ ਹੈ, ਏਦਾਂ ਦਾ ਹਥਿਆਰ, ਜਿਹੜਾ ਐਟਮੀ ਭਾਵੇਂ ਨਹੀਂ, ਪਰ ਐਟਮੀ ਟਕਰਾਅ ਵੱਲ ਵਧਦੀ ਦੁਨੀਆ ਨੂੰ ਰੋਕਣ ਵੇਲੇ ਐਟਮ ਤੋਂ ਘੱਟ ਖਤਰਨਾਕ ਵੀ ਨਹੀਂ। ਕਮਾਲ ਇਹ ਹੈ ਕਿ ਸੰਸਾਰ ਦੇ ਅਮਨ ਪਸੰਦ ਦੇਸ਼ ਇਨ੍ਹਾਂ ਤਾਕਤਾਂ ਦੀ ਇਸ ਹਨੇਰਗਰਦੀ ਦਾ ਵਿਰੋਧ ਵੀ ਨਹੀਂ ਕਰਨ ਜੋਗੇ।

ਅਸੀਂ ਅਜੇ ਤੱਕ ਇਹ ਗੱਲ ਮੰਨਣ ਨੂੰ ਤਿਆਰ ਨਹੀਂ ਕਿ ਨੇੜ ਭਵਿੱਖ ਵਿੱਚ ਐਟਮੀ ਤਾਕਤ ਦੀ ਵਰਤੋਂ ਦੀ ਨੌਬਤ ਆ ਸਕਦੀ ਹੈ, ਪਰ ਪੰਜਾਬੀ ਦਾ ਇੱਕ ਅਖਾਣ ਹੈ ਕਿ ਬਾਂਦਰ ਦੇ ਹੱਥ ਵਿੱਚ ਉਸਤਰਾ ਆ ਜਾਵੇ ਤਾਂ ਉਸ ਦਾ ਪਤਾ ਕੋਈ ਨਹੀਂ ਹੁੰਦਾ ਕਿ ਕਦੋਂ ਕਿਸ ਦੀ ਧੌਣ ਉੱਤੇ ਫੇਰਨ ਤਰ ਪਵੇਗਾ। ਐਟਮੀ ਜੰਗ ਦੇ ਦਬਾਕੜੇ ਮਾਰਨ ਵਾਲੇ ਦੇਸ਼ਾਂ ਜਾਂ ਉਨ੍ਹਾਂ ਦੇ ਦਬਾਕੜਿਆਂ ਨੂੰ ਪ੍ਰਚਾਰਨ ਅਤੇ ਲੋਕਾਂ ਦੇ ਸਾਹ ਸੁਕਾਉਣ ਵਾਲੇ ਪ੍ਰਚਾਰਕਾਂ ਦਾ ਰਾਹ ਰੋਕਣ ਲਈ ਸੰਸਾਰ ਦੇ ਅਮਨ ਪਸੰਦ ਲੋਕਾਂ ਨੂੰ ਇੱਕ ਵਾਰ ਫਿਰ ਉਹੋ ਜਿਹੀ ਅਮਨ ਦੀ ਲਹਿਰ ਚਲਾਉਣ ਦੀ ਲੋੜ ਹੈ, ਜਿੱਦਾਂ ਦੀ ਪੰਜਾਹ ਸਾਲ ਪਹਿਲਾਂ ਸੰਸਾਰ ਅਮਨ ਕੌਂਸਲ ਵਰਗੀ ਜਥੇਬੰਦੀ ਦੀ ਅਗਵਾਈ ਵਿੱਚ ਚਲਾਈ ਜਾਂਦੀ ਸੀ। ਸੰਸਾਰ ਭਰ ਦੇ ਜੰਗਾਂ ਲੜ ਚੁੱਕੇ ਅਤੇ ਆਪਣਾ ਨਿੱਜੀ ਨੁਕਸਾਨ ਭੁਗਤ ਚੁੱਕੇ ਬਹੁਤ ਸਾਰੇ ਸਾਬਕਾ ਫੌਜੀ ਵੀ ਉਸ ਲਹਿਰ ਦਾ ਅੰਗ ਬਣ ਕੇ ਸੰਸਾਰ ਭਰ ਦੇ ਲੋਕਾਂ ਨੂੰ ਥਾਂ-ਥਾਂ ਦੱਸਣ ਵਾਸਤੇ ਜਾਇਆ ਕਰਦੇ ਸਨ ਕਿ ਜੰਗਾਂ ਬਹੁਤ ਭਿਆਨਕ ਹੁੰਦੀਆਂ ਹਨ। ਅੱਜ ਦਾ 

# ਔਰਤ-ਮਰਦ ਦੇ ਪ੍ਰੇਮ ਸੰਬੰਧਾਂ ਦਾ ਬਿਰਤਾਂਤ




ਚੋਣਵੀ ਚਰਚਾ

## ਚਰਚਾ ਇਕ ਪੁਸਤਕ ਦੀ

**ਡਾ. ਕੁਲਵਿੰਦਰ ਸਿੰਘ**

## ਇੰਦੂਮਣੀ

(ਪ੍ਰੇਮ ਕਹਾਣੀਆਂ)
**ਭਗਵੰਤ ਰਸੂਲਪੁਰੀ**
**ਪੰਨੇ : 149, ਮੁੱਲ : 260 ਰੁਪਏ**
**ਕੈਲੀਬਰ ਪਬਲੀਕੇਸ਼ਨ, ਪਟਿਆਲਾ**

ਪੰਜਾਬੀ ਕਹਾਣੀ ਜਗਤ ਵਿਚ ਭਗਵੰਤ ਰਸੂਲਪੁਰੀ ਇਕ ਵਿਲੱਖਣ ਪ੍ਰਤਿਭਾ ਵਾਲਾ ਕਥਾਕਾਰ ਹੈ। ਪਿਛਲੇ ਤਿੰਨ ਦਹਾਕਿਆਂ ਤੋਂ ਉਹ ਨਿਰੰਤਰ ਸਾਹਿਤ ਸਿਰਜਣਾ ਦੇ ਖੇਤਰ ਵਿਚ ਕਾਰਜਸ਼ੀਲ ਹੈ, ਜਿਹੜਾ ਦਲਿਤ ਮੁਕਤੀ ਮਾਰਗ ਲਈ ਚਿੰਤਨਸ਼ੀਲ ਹੈ। ਉਹ ਦਲਿਤ ਸਮਾਜ ਦੇ ਮਨੁੱਖ ਦੇ ਦੁੱਖ, ਤਕਲੀਫ਼ਾਂ, ਸੰਕਟਾਂ, ਅਸਮਾਨਤਾਵਾਂ, ਵਿਤਕਰੇਬਾਜ਼ੀ, ਸ਼ੋਸ਼ਣ, ਦਮਨ ਅਤੇ ਅਮਾਨਵੀ ਵਿਵਹਾਰ ਨੂੰ ਆਲੋਚਨਾਤਮਿਕ ਰੂਪ ਵਿਚ ਚਿਤਰਦਾ ਹੈ। ਉਹ ਸਾਹਿਤ ਸਿਰਜਣਾ ਦੇ ਖੇਤਰ ਵਿਚ 1990 ਤੋਂ ਬਾਅਦ ਪ੍ਰਵੇਸ਼ ਕਰਦਾ ਹੈ। ਉਹ ਪੰਜਾਬੀ ਕਹਾਣੀ ਜਗਤ ਵਿਚ ਚੌਥੀ ਪੀੜ੍ਹੀ ਦੇ ਕਹਾਣੀਕਾਰਾਂ ਵਿਚ ਆਉਂਦਾ ਹੈ। ਉਸ ਨੇ ਹੁਣ ਤੱਕ ਸੱਤ ਕਹਾਣੀ ਸੰਗ੍ਰਹਿ ਚਾਨਣ ਦੀ ਲੀਕ , ਕੁਵੇਲੇ ਤੁਰਿਆ ਪਾਂਧੀ, ਮੈਂ, ਸ਼ੈਤਾਨ ਤੇ ਇੰਦੂਮਣੀ, ਤੀਜਾ ਨੇਤਰ, ਮਰਨ ਰੁੱਤ, ਕੁੰਭੀ ਨਰਕ, ਡਲਿਵਰੀ ਮੈਨ ਅਤੇ ਇੱਕ ਨਾਵਲ ਜ਼ਰਖੇਜ਼ ਪੰਜਾਬੀ ਸਾਹਿਤ ਜਗਤ ਨੂੰ ਦਿੱਤੇ ਹਨ।

ਰਸੂਲਪੁਰੀ ਇਕ ਵਿਸ਼ੇਸ਼ ਕਿਸਮ ਦੀ ਨਾਬਰੀ ਸੁਰ ਵਾਲਾ ਕਹਾਣੀਕਾਰ ਹੈ। ਉਹ ਵੱਖ-ਵੱਖ ਵਿਸ਼ਿਆਂ ਨੂੰ ਲੈ ਕੇ ਕਹਾਣੀਆਂ ਸਿਰਜਦਾ ਹੈ ਅਤੇ ਉਨ੍ਹਾਂ ਵਿਸ਼ਿਆਂ ਨੂੰ ਵਧੇਰੇ ਪ੍ਰਤਿਬੱਧਤਾ ਨਾਲ ਨਿਭਾਉਂਦਾ ਹੈ। ਉਹ ਪ੍ਰਚੱਲਿਤ ਧਾਰਨਾਵਾਂ ਨੂੰ ਉਸੇ ਰੂਪ ਵਿਚ ਮੰਨਣੋਂ ਇਨਕਾਰੀ ਹੈ, ਜਿਸ ਕਾਰਨ ਉਹ ਆਪਣੇ ਕਥਾ ਜਗਤ ਨੂੰ ਵੱਖਰੇ ਨਿਯਮ ਪ੍ਰਬੰਧ ਤੇ ਦ੍ਰਿਸ਼ਟੀਕੋਣ ਅਨੁਸਾਰ ਚਿਤਰਦਾ ਹੋਇਆ ਲੁਪਤ ਸੱਚ ਨੂੰ ਉਜਾਗਰ ਕਰਨ ਲਈ ਯਤਨਸ਼ੀਲ ਰਹਿੰਦਾ ਹੈ।

ਔਰਤ ਅਤੇ ਮਰਦ ਸਮਾਜ ਦੇ ਦੋ ਪਹਿਲੂ ਹਨ। ਉਨ੍ਹਾਂ ਦਾ ਰਿਸ਼ਤਾ ਇਕ-ਦੂਸਰੇ ਤੋਂ ਬਿਨਾਂ ਅਧੂਰਾ ਹੈ। ਦੋਵਾਂ ਦੇ ਪਰਸਪਰ ਪ੍ਰੇਮ ਸੰਬੰਧਾਂ ਵਿਚ ਬੱਝਣ ਸਦਕਾ ਹੀ ਉਹ ਸੰਪੂਰਨਤਾ ਪ੍ਰਾਪਤ ਕਰਦੇ ਹਨ। ਔਰਤ-ਮਰਦ ਸਮਾਜ ਵਿਚ ਵਿਚਰਦਿਆਂ ਅਨੇਕਾਂ ਕਿਸਮ ਦੇ ਸੰਬੰਧਾਂ 'ਚ ਬੱਝਦੇ ਹਨ। ਵਿਸ਼ਵੀਕਰਨ ਦੇ ਪ੍ਰਭਾਵ ਸਦਕਾ ਮਨੁੱਖ ਪਰ ਨਾਲੋਂ ਨਿੱਜ ਨੂੰ ਵਧੇਰੇ ਪ੍ਰਮੁੱਖਤਾ ਦੇਣ ਲੱਗਾ ਹੈ। ਪੂੰਜੀਵਾਦੀ ਪ੍ਰਬੰਧ ਭਾਰਤੀ ਔਰਤ ਨੂੰ ਵੀ ਘਰ ਦੀ ਚਾਰਦੀਵਾਰੀ ਤੋਂ ਬਾਹਰ ਲਿਆਉਂਦਾ ਹੈ। ਉਹ ਚਾਹੇ ਸਸਤੇ ਮਜ਼ਦੂਰ ਦੇ ਰੂਪ ਵਿਚ ਹੀ ਕਿਉਂ ਨਾ ਹੋਵੇ। ਔਰਤ ਘਰ ਤੋਂ ਬਾਹਰ ਨਿਕਲਣ ਉਪਰੰਤ ਅਨੇਕਾਂ ਨਵੇਂ ਵਿਅਕਤੀਆਂ ਦੇ ਸੰਪਰਕ ਵਿਚ ਆਉਂਦੀ ਹੈ। ਜਿਸ ਤਹਿਤ ਔਰਤ-ਮਰਦ ਦੇ ਵਿਭਿੰਨ ਪ੍ਰੇਮ ਸੰਬੰਧ ਹੋਂਦ ਗ੍ਰਹਿਣ ਕਰਦੇ ਹਨ।

ਸਮਕਾਲੀ ਮਨੁੱਖ ਅੰਦਰ ਇਕ ਤੋਂ ਵਧੇਰੇ ਔਰਤਾਂ ਨਾਲ ਸੰਬੰਧ ਸਥਾਪਤ ਕਰਨ ਦੀ ਰੁਚੀ ਵਧੇਰੇ ਪ੍ਰਬਲ ਹੋਣ ਲੱਗੀ ਹੈ। ਇਹ ਰੁਚੀ ਕੇਵਲ ਮਰਦ ਵਿਚ ਹੀ ਨਹੀਂ ਪਨਪਦੀ, ਸਗੋਂ ਔਰਤ ਵੀ ਇਨ੍ਹਾਂ ਸੰਬੰਧਾਂ ਵਿਚ ਬੇਝਿਜਕ ਬੱਝਦੀ ਹੈ। ਇਸ ਤੋਂ ਪਹਿਲਾਂ ਦੀ ਕਹਾਣੀ ਅਵੈਧ ਸੰਬੰਧਾਂ ਨੂੰ ਚਿਤਰਦੀ ਜ਼ਰੂਰ ਹੈ, ਪਰੰਤੂ ਉਹ ਸਮਾਜਿਕ ਤੇ ਸਦਾਚਾਰਕ ਕਦਰਾਂ-ਕੀਮਤਾਂ ਦੇ ਅਧੀਨ ਹੀ ਪ੍ਰਗਟਾਉਂਦੀ ਸੀ। ਅਜੋਕੀ ਕਹਾਣੀ ਇਨ੍ਹਾਂ ਸੰਬੰਧਾਂ ਨੂੰ ਵੱਖਰੇ ਦ੍ਰਿਸ਼ਟੀਕੋਣ ਅਨੁਸਾਰ ਚਿਤਰਦੀ ਹੋਈ ਨੈਤਿਕਤਾ ਦੇ ਨਿਯਮਾਂ ਨੂੰ ਭੰਗ ਕਰਦੀ ਹੈ।

ਰਸੂਲਪੁਰੀ ਨੇ ਆਪਣੇ ਇਸ ਕਹਾਣੀ ਸੰਗ੍ਰਹਿ 'ਇੰਦੂਮਣੀ' ਵਿਚ ਔਰਤ-ਮਰਦ ਦੇ ਪ੍ਰੇਮ ਸੰਬੰਧਾਂ ਨਾਲ ਸੰਬੰਧਤ ਦਸ ਕਹਾਣੀਆਂ ਨੂੰ ਚੁਣਿਆ ਹੈ। ਇਹ ਕਹਾਣੀਆਂ ਪਿਛਲੇ ਕਹਾਣੀ ਸੰਗ੍ਰਹਿ ਵਿਚ ਵੀ ਛਪ ਚੁੱਕੀਆਂ ਹਨ। ਔਰਤ-ਮਰਦ ਸੰਬੰਧਾਂ ਨੂੰ ਚਿਤਰਨ ਸਮੇਂ ਉਹ ਆਪਣੇ ਪਾਤਰਾਂ ਨੂੰ ਸਮਾਜਿਕ ਨੈਤਿਕਤਾ ਦੇ ਨਿਯਮਾਂ ਵਿਚ ਬੱਝ ਕੇ ਨਹੀਂ ਚਿਤਰਦਾ, ਸਗੋਂ ਪਾਤਰਾਂ ਦੀ ਮਾਨਸਿਕਤਾ ਅਨੁਸਾਰ ਹੀ ਸਿਰਜਦਾ ਹੈ। ਇਸ ਲਈ ਉਹ ਉੱਤਮ ਪੁਰਖੀ ਬਿਰਤਾਂਤਕ ਸ਼ੈਲੀ ਦੀ ਵਰਤੋਂ ਕਰਦਾ ਹੈ। ਰਸੂਲਪੁਰੀ 'ਰੰਗਾਂ ਦੀ ਸਾਂਝ', 'ਸਮਾਜ ਵਿਗਿਆਨ', 'ਮਾਸਾਹਾਰੀ', 'ਕੀੜਾ', 'ਤੀਜਾ ਨੇਤਰ', 'ਮਾਹਮਾਯਾ', 'ਕਸੂਰਵਾਰ', 'ਇੰਦੂਮਣੀ' ਆਦਿ ਕਹਾਣੀਆਂ ਦੁਆਰਾ ਪ੍ਰੇਮ ਸੰਬੰਧਾਂ ਨੂੰ ਪੇਸ਼ ਕਰਦਾ ਹੈ। ਪ੍ਰੇਮ ਦੀਆਂ ਅਨੇਕਾਂ ਪਰਤਾਂ ਇਨ੍ਹਾਂ ਕਹਾਣੀਆਂ ਵਿੱਚੋਂ ਬਾਖੂਬੀ ਉਜਾਗਰ ਹੁੰਦੀਆਂ ਹਨ। ਵਿਚਾਰਧੀਨ ਕਹਾਣੀ ਸੰਗ੍ਰਹਿ ਵਿੱਚੋਂ ਵਿਆਹ, ਕਾਮ, ਵਿਭਚਾਰ, ਵਿਆਹ ਬਾਹਰੇ ਸੰਬੰਧ, ਕਾਮ-ਵਿਹਾਰ ਆਦਿ ਪ੍ਰੇਮ ਸੰਬੰਧਾਂ ਦੇ ਵਿਭਿੰਨ ਰੂਪ ਦ੍ਰਿਸ਼ਟੀਗੋਚਰ ਹੁੰਦੇ ਹਨ।

ਇਸ ਸੰਗ੍ਰਹਿ ਦੀ ਪਹਿਲੀ ਕਹਾਣੀ 'ਰੰਗਾਂ ਦੀ ਸਾਂਝ', 'ਸਮਾਜ ਵਿਗਿਆਨ' ਪਤੀ-ਪਤਨੀ ਦੇ ਰਿਸ਼ਤੇ ਵਿਚਲੇ ਤਣਾਓ ਨੂੰ ਬਾਖੂਬੀ ਪ੍ਰਗਟਾਉਂਦੀ ਹੈ। ਕਹਾਣੀ ਦੇ ਪਾਤਰ ਪ੍ਰੋ. ਨਰਿੰਦਰ ਨਾਗ ਅਤੇ ਪੂਜਾ ਦੋਵੇਂ ਪਹਿਲਾਂ ਪ੍ਰੇਮ ਬੰਧਨ 'ਚ ਬੱਝਦੇ ਹਨ। ਫਿਰ ਉਹ ਆਪਣੇ ਪਿਆਰ ਨੂੰ ਪ੍ਰੇਮ ਵਿਆਹ ਵਿਚ ਤਬਦੀਲ ਕਰਦੇ ਹਨ। ਦੋਵੇਂ ਵੱਖੋ-ਵੱਖਰੀਆਂ ਜਾਤਾਂ ਨਾਲ ਸੰਬੰਧਤ ਹੋਣ ਦੇ ਬਾਵਜੂਦ ਆਪਣੇ ਪ੍ਰੇਮ ਸੰਬੰਧਾਂ ਨੂੰ ਪ੍ਰਵਾਨ ਚੜ੍ਹਾਉਂਦੇ ਹਨ। ਵਿਚਾਰਧਾਰਕ ਵੱਖਰਤਾ ਉਨ੍ਹਾਂ ਦੇ ਦੰਪਤੀ ਜੀਵਨ ਵਿਚ ਦੀਵਾਰ ਬਣਦੀ ਹੈ। ਪਤੀ-ਪਤਨੀ ਦੇ ਰਿਸ਼ਤੇ ਵਿਚ ਉਸ ਸਮੇਂ ਕੜਵਾਹਟ ਪੈਦਾ ਹੁੰਦੀ ਹੈ ਜਦੋਂ ਪੂਜਾ ਕਿਸੇ ਭ੍ਰਾਂਤੀ ਅਧੀਨ ਕਿਰਨ ਅਤੇ ਨਰਿੰਦਰ ਨੂੰ ਵਿਵਰਜਿਤ ਸੰਬੰਧਾਂ 'ਚ ਬੱਝੇ ਸਮਝਦੀ ਹੈ, ਜਿਸ ਕਾਰਨ ਉਨ੍ਹਾਂ ਦੇ ਪਵਿੱਤਰ ਰਿਸ਼ਤੇ ਵਿਚ ਤਰੇੜਾਂ ਆਉਣ ਲੱਗਦੀਆਂ ਹਨ। ਰੰਗਾਂ ਦੀ ਰਾਜਨੀਤੀ ਕਿਸ ਤਰ੍ਹਾਂ ਰਿਸ਼ਤਿਆਂ ਨੂੰ ਪ੍ਰਭਾਵਿਤ ਕਰਦੀ ਹੈ। ਇਸ ਵਿਲੱਖਣ ਵਰਤਾਰੇ ਨੂੰ ਕਥਾਕਾਰ ਮੈਂ ਪਾਤਰ ਦੇ ਸਵੈ ਸੰਵਾਦ ਦੁਆਰਾ ਯਥਾਰਥਕ ਰੂਪ ਵਿਚ ਉਘਾੜਦਾ ਹੈ। ਪੂਜਾ ਆਪਣੇ ਰਿਸ਼ਤੇ ਵਿਚਲੇ ਤਣਾਓ ਬਾਰੇ ਆਖਦੀ ਹੈ ਕਿ ਦਿਨਾਂ ਵਿਚ ਹੀ ਸਾਡੇ ਰਿਸ਼ਤੇ 'ਚ ਰੰਗਾਂ ਦੀਆਂ ਲਕੀਰਾਂ ਖਿੱਚੀਆਂ ਗਈਆਂ ਸਨ। ਰੰਗਾਂ ਦੀ ਸਾਂਝ ਖਿੰਡਣ ਲੱਗੀ ਸੀ। ਪਤੀ-ਪਤਨੀ ਵਿਚਕਾਰ ਪੇਂਟਿੰਗ ਆ ਗਈ ਸੀ ...ਪੇਂਟਿੰਗ ਦੇ ਸਬਜੈਕਟ ਆ ਗਏ ਸਨ। ਰੰਗ ਆ ਗਏ ਸਨ। ਰੰਗਾਂ ਦੀ ਰਾਜਨੀਤੀ ਆ ਗਈ ਸੀ... ਰੰਗਾਂ ਦਾ ਸਮਾਜ ਵਿਗਿਆਨ... ਕਦੇ-ਕਦੇ ਲੱਗਦਾ ਨਰਿੰਦਰ ਦੇ ਅੰਦਰਲਾ ਨਾਗ ਤੜਫ਼ਦਾ ਪਿਆ ਸੀ। ਰੰਗਾਂ ਨੇ ਸਾਡੇ 'ਚ ਦੂਰੀਆਂ ਬਣਾ ਦਿੱਤੀਆਂ ਸਨ।... ਬਤੌਰ ਲੈਕਚਰ ਦੇਣ ਲਈ ਤੁਹਾਡੀ ਚੋਣ ਕੀਤੀ ਗਈ ਏ... ਰਹਿਣ ਲਈ ਹੋਟਲ ਦੇ ਕਮਰੇ ਤੇ ਚੰਗੇ ਪੈਸੇ ਮਿਲਣਗੇ। ਨਾਲ ਮਾਨਤਾ ਦਾ ਕੋਈ ਮੁੱਲ ਨਹੀਂ, ਪਰ ਨਰਿੰਦਰ ਦਾ ਦੋ-ਟੂਕ ਉੱਤਰ ਸੀ, ਨਹੀਂ ਪੂਜਾ! ਮੈਂ ਬਿਲਕੁਲ ਨਹੀਂ ਜਾਵਾਂਗਾ। ਮੈਂ ਜੋ ਆਰਟ ਬਾਰੇ ਬੋਲਾਂਗਾ! ਤੁਹਾਡੇ ਪ੍ਰਬੰਧਕਾਂ ਨੂੰ ਹਜ਼ਮ ਨਹੀਂ ਹੋਣਾ। (ਪੰਨਾ-36)

ਕਹਾਣੀ ਵਿਚਲੇ ਔਰਤ-ਮਰਦ ਨੂੰ ਕਲਾ ਹੀ ਇਕ-ਦੂਸਰੇ ਦੇ ਨੇੜੇ ਕਰਦੀ ਹੈ, ਜਿਸ ਤਹਿਤ ਉਹ ਵਿਆਹੁਤਾ ਜੀਵਨ 'ਚ ਬੱਝਦੇ ਹਨ ਪਰੰਤੂ ਹੁਣ ਇਹ ਰੰਗਾਂ ਦੀ ਸਾਂਝ ਵੀ ਉਨ੍ਹਾਂ ਦੇ ਰਿਸ਼ਤੇ ਵਿੱਚੋਂ ਮੱਠੀ ਪੈਣ ਲਗਦੀ ਹੈ। ਦੋਵੇਂ ਆਪਣੇ-ਆਪਣੇ ਵਿਸ਼ੇ ਦੇ ਮਾਹਿਰ ਕਲਾਕਾਰ ਹਨ। ਪੂਜਾ ਆਪਣੇ ਪਤੀ ਅਤੇ ਉਸ ਦੀ ਵਿਦਿਆਰਥਣ ਕਿਰਨ ਨਾਲ ਸੰਬੰਧਾਂ ਨੂੰ ਚਿਤਰਦੀ ਹੈ, ਜਦੋਂ ਕਿ ਅਸਲ ਵਿਚ ਅਜਿਹਾ ਕੁਝ ਵੀ ਨਹੀਂ, ਪਰ ਪੂਜਾ ਉਨ੍ਹਾਂ ਦੇ ਫੇਸਬੁੱਕ ਉੱਪਰ ਸਾਂਝਾ ਪੇਜ ਬਣਾਉਣ ਤੇ ਪੋਸਟਾਂ ਪਾਉਣ ਕਾਰਨ ਉਨ੍ਹਾਂ ਪ੍ਰਤੀ ਅਜੀਬ ਕਿਸਮ ਦਾ ਵਿਵਹਾਰ ਕਰਦੀ ਹੈ, ਜਿਸ ਕਾਰਨ ਉਹ ਡਿਪਰੈਸ਼ਨ ਦਾ ਸ਼ਿਕਾਰ ਵੀ ਹੁੰਦੀ ਹੈ। ਕਥਾਕਾਰ ਇਸ ਕਹਾਣੀ ਦੁਆਰਾ ਵਿਚਾਰਧਾਰਕ ਸਾਂਝ ਤੇ ਵਖਰੇਵਿਆਂ ਨਾਲ ਸੰਬੰਧਤ ਪਾਤਰਾਂ ਨੂੰ ਦ੍ਰਿਸ਼ਟੀਗੋਚਰ ਕਰਦਾ ਹੈ। ਪੂਜਾ ਤੇ ਨਰਿੰਦਰ ਦੀ ਕਲਾਮਈ ਸਾਂਝ ਉਨ੍ਹਾਂ ਦੀ ਜ਼ਿੰਦਗੀ ਵਿਚਲੀ ਸਾਂਝ ਵੀ ਬਣਦੀ ਹੈ। ਦੂਸਰਾ ਪੂਜਾ ਦੁਆਰਾ ਨਰਿੰਦਰ ਅਤੇ ਉਸ ਦੀ ਵਿਦਿਆਰਥਣ ਕਿਰਨ ਦੀ ਸਾਂਝ ਨੂੰ ਕਿਸੇ ਭਰਮ ਅਧੀਨ ਸ਼ੱਕ ਕਰਨਾ ਸੁਭਾਵਿਕ ਹੈ। ਇਹ ਕਹਾਣੀ ਸਮਕਾਲੀ ਮਨੁੱਖੀ ਰਿਸ਼ਤਿਆਂ ਪ੍ਰਤੀ ਬਣੀਆਂ ਭ੍ਰਾਂਤੀਆਂ ਤੇ ਪ੍ਰੇਮ ਸੰਬੰਧਾਂ ਨੂੰ ਯਥਾਰਥਕ ਰੂਪ ਵਿਚ ਚਿਤਰਦੀ ਹੈ।

ਕਹਾਣੀ 'ਛਣ-ਛਣ' ਇੱਕੀਵੀਂ ਸਦੀ ਦੇ ਮਨੁੱਖ ਦੁਆਰਾ ਸਿਰਜੇ ਜਾ ਰਹੇ ਤਕਨੀਕੀ ਰਿਸ਼ਤਿਆਂ ਨੂੰ ਉਜਾਗਰ ਕਰਦੀ ਹੈ। ਇਹ ਕਹਾਣੀ ਚਿੱਠੀ ਸ਼ੈਲੀ ਅਤੇ ਮੱਧਮ ਪੁਰਖੀ ਬਿਰਤਾਂਤ ਵਿਚ ਰਚੀ ਬਹੁਤ ਹੀ ਮਹੱਤਵਪੂਰਨ ਕਹਾਣੀ ਹੈ। ਪੰਜਾਬੀ ਕਹਾਣੀ ਜਗਤ ਵਿਚ ਮੱਧਮ ਪੁਰਖੀ ਬਿਰਤਾਂਤ ਵਿਚ ਰਚੀਆਂ ਇੱਕਾ-ਦੁੱਕਾ ਕਹਾਣੀਆਂ ਹੀ ਮਿਲਦੀਆਂ ਹਨ। ਇਸ ਕਹਾਣੀ ਦੁਆਰਾ ਕਥਾਕਾਰ ਸਮਕਾਲੀ ਮਨੁੱਖ ਦੇ ਤਕਨੀਕੀ ਸੰਸਾਰ ਨਾਲ ਜੁੜਨ, ਨਕਲੀ ਅਕਾਊਂਟ ਖੋਲ੍ਹਣ, ਦੋਸਤ-ਮਿੱਤਰ ਬਣਾਉਣ, ਪੋਸਟਾਂ ਪਾਉਣ, ਲਾਈਕ ਤੇ ਕੁਮੈਂਟਾਂ ਦੀਆਂ ਗਿਣਤੀਆਂ-ਮਿਣਤੀਆਂ ਨੂੰ ਗਲਪੀ ਬਿਰਤਾਂਤ ਦੁਆਰਾ ਬੜੀ ਸੁਹਿਰਦਤਾ ਨਾਲ ਪ੍ਰਗਟਾਉਂਦਾ ਹੈ। ਵਿਚਾਰਧੀਨ ਕਹਾਣੀ ਦਾ ਪਾਤਰ ਸੋਹਣ ਸਿੰਘ ਸਾਬਕਾ ਫੌਜੀ ਹੈ ਅਤੇ ਆਪਣੀ ਉਮਰ ਦੇ ਸੱਤਵੇਂ ਦਹਾਕੇ ਵਿਚ ਪ੍ਰਵੇਸ਼ ਕਰ ਚੁੱਕਾ ਹੈ। ਆਪਣੀ ਜ਼ਿੰਦਗੀ ਨੂੰ ਖ਼ੂਬਸੂਰਤ ਬਣਾਉਣ ਲਈ ਛਣ-ਛਣ ਕਰਦੇ ਜੀਵਨ ਦੀ ਕਾਮਨਾ ਕਰਦਾ ਹੈ।

ਸੋਹਣ ਆਪਣੇ ਮਿੱਤਰ ਦੀ ਸਲਾਹ ਸਦਕਾ ਫੇਸਬੁੱਕ ਉੱਪਰ ਆਪਣਾ ਖਾਤਾ ਖੋਲ੍ਹਦਾ ਹੈ ਤੇ ਪ੍ਰੋਫਾਈਲ ਵਿਚ ਤਸਵੀਰ ਆਪਣੀ ਜਵਾਨ ਅਵਸਥਾ ਦੀ ਲਗਾਉਂਦਾ ਹੈ। ਇਸ ਤਰ੍ਹਾਂ ਕਰਦਾ ਉਹ ਅਨੇਕਾਂ ਗੋਰੀਆਂ ਔਰਤਾਂ ਨੂੰ ਆਪਣੀ ਤਕਨੀਕੀ ਮਿੱਤਰ ਮੰਡਲੀ ਵਿਚ ਸ਼ਾਮਲ ਕਰਦਾ ਹੈ। ਉਹ ਸੀਰੀਆ ਦੀ ਤੀਹ ਸਾਲਾਂ ਦੀ ਮੁਟਿਆਰ ਲੀਜ਼ਾ ਨੂੰ ਚਾਹੁਣ ਲੱਗਦਾ ਹੈ, ਕਿਉਂਕਿ ਉਹ ਫੇਸਬੁੱਕ ਉੱਪਰ ਖ਼ੁਦ ਨੂੰ ਪੈਂਤੀ ਸਾਲਾਂ ਦਾ ਨੌਜਵਾਨ ਦੱਸਦਾ ਹੈ। ਤਕਨੀਕੀ ਸਾਧਨਾਂ ਦੇ ਵਿਕਾਸ ਨੇ ਮਨੁੱਖ ਦੇ ਝੂਠ ਬੋਲਣ ਦੀ ਸਮਰੱਥਾ ਵਧਾ ਦਿੱਤੀ ਹੈ। ਮੋਬਾਇਲ ਫੋਨ 'ਤੇ ਗੱਲ ਕਰਦਾ ਵਿਅਕਤੀ ਰਹਿ ਕਿਤੇ ਹੋਰ ਰਿਹਾ ਹੁੰਦਾ ਹੈ ਅਤੇ ਦੱਸਦਾ ਕਿਤੇ ਹੋਰ ਹੈ। ਤਕਨੀਕੀ ਸੰਸਾਰ ਵਿਚ ਬੋਲੇ ਜਾਂਦੇ ਝੂਠਾਂ ਅਤੇ ਨਕਲੀ ਰਿਸ਼ਤਿਆਂ ਨੂੰ ਕਥਾਕਾਰ ਬੇਪਰਦ ਕਰਦਾ ਹੈ। ਸੋਹਣ ਆਪਣੇ ਸਵੈ ਬਿਰਤਾਂਤ ਦੁਆਰਾ ਆਖਦਾ ਹੈ ਕਿ ਤੂੰ ਹੱਸਣਾ ਇਕ ਦਿਨ ਤਾਂ ਹੋਰ ਈ ਪੰਗਾ ਪੈ ਗਿਆ, ਉਹਨੇ ਮੇਰੇ ਕੋਲੋਂ ਫੋਟੋ ਮੰਗ ਲਈ... ਛਣ-ਛਣ ਹੋਈ... ਕਹਿੰਦੀ 'ਸੈਂਡ ਮੀ ਪਿਕ।' ਮੈਂ ਸੋਚਣ ਬੈਠ ਗਿਆ ਮੈਂ ਹੁਣ ਕੀ ਕਰਾਂ। ਮੈਨੂੰ ਬੈਠੇ-ਬੈਠੇ ਇਕ ਜੁਗਤ ਦਾ ਖਿਆਲ ਆਇਆ। ਆਪਣੇ ਮੋਬਾਇਲ 'ਚ ਮੈਂ ਆਪਣੇ ਮੁੰਡੇ ਦੀਆਂ ਫੋਟੋਆਂ ਵੇਖਣ ਲੱਗ ਪਿਆ, ਉਹਦੀ ਸ਼ਕਲ ਹੂ-ਬ-ਹੂ ਮੇਰੇ 'ਤੇ ਗਈ ਏ। ਮੁੰਡਾ ਈ ਮੇਰਾ ਏ ਯਾਰ। ਜਵਾਨੀ ਵੇਲੇ ਮੇਰੀ ਸ਼ਕਲ ਬਿਲਕੁਲ ਉਹਦੇ ਵਰਗੀ ਹੁੰਦੀ ਸੀ। ਮੈਂ ਚੁੱਕ ਕੇ ਉਹਦੀ ਤਸਵੀਰ ਭੇਜ ਦਿੱਤੀ। ਲੀਜ਼ਾ ਨੂੰ ਕੀ ਪਤੈ ਬਈ ਕੌਣ ਏ? ਆਪਾਂ ਨੂੰ ਵੀ ਗੋਰੀਆਂ ਇਕੋ ਜਿਹੀਆਂ ਲੱਗਦੀਆਂ ਨੇ। ਲੈ ਗੱਲ ਬਣ ਗਈ। ਉਧਰੋਂ ਛਣ-ਛਣ ਕਰਦਾ ਕੁਮੈਂਟ ਮਿਲਿਆ, 'ਵੈਰੀ ਨਾਈਸ... ਆਈ ਲਾਈਕ ਇੱਟ... ਗੁੱਡ!' (ਪੰਨਾ-56)

ਜਦੋਂ ਸੀਰੀਆ ਵਿਚ ਲੱਗੀ ਜੰਗ ਕਾਰਨ ਲੀਜ਼ਾ ਸੋਹਣ ਨੂੰ ਭਾਰਤ ਆਉਣ ਬਾਰੇ ਸੁਨੇਹਾ ਭੇਜਦੀ ਹੈ ਕਿ ਤੁਸੀਂ ਮੈਨੂੰ ਆਪਣਾ ਪਤਾ ਭੇਜ ਦੇਵੋ ਜਾਂ ਫਿਰ ਮੈਨੂੰ ਇੱਥੋਂ ਲੈ ਜਾਵੋ ਤਾਂ ਉਸ ਨੂੰ ਆਪਣੇ ਵਾਸਤਵਿਕ ਰਿਸ਼ਤੇ ਚੇਤੇ ਆਉਣ ਲੱਗਦੇ ਹਨ, ਜਿਨ੍ਹਾਂ ਨੂੰ ਉਹ ਭੁੱਲ ਚੁੱਕਾ ਸੀ। ਇਸ ਤਰ੍ਹਾਂ ਤਕਨੀਕੀ ਮਿੱਤਰ ਜਦੋਂ ਆਪਣੇ ਕਿਸੇ ਚੰਗੇ ਵਾਕਿਫ਼ ਨਾਲ ਆਪਣੀਆਂ ਸਮੱਸਿਆਵਾਂ ਸਾਂਝੀਆਂ ਕਰਦਾ ਹੈ ਤਾਂ ਝੂਠ ਅਧਾਰਿਤ ਸਿਰਜੇ ਰਿਸ਼ਤੇ ਤਿੜਕਣ ਲਗਦੇ ਹਨ। ਉਸ ਨੂੰ ਯਥਾਰਥਕ ਰਿਸ਼ਤਿਆਂ ਅਤੇ ਨਾਮੋਸ਼ੀ ਦਾ ਡਰ ਸਤਾਉਣ ਲਗਦਾ ਹੈ। ਵਿਚਾਰਧੀਨ ਕਹਾਣੀ ਦੇ ਪਾਤਰ ਸੋਹਣ ਨੂੰ ਜਦੋਂ ਲੀਜ਼ਾ ਉਸ ਕੋਲ ਆਉਣ ਬਾਰੇ ਦੱਸਦੀ ਹੈ ਤਾਂ ਉਹ ਮਾਨਸਿਕ ਤੌਰ 'ਤੇ ਤਣਾਓਗ੍ਰਸਤ ਰਹਿਣ ਲੱਗਦਾ ਹੈ। ਅਜਿਹੇ ਝੂਠੇ ਤੇ ਫਰੇਬੀ ਰਿਸ਼ਤਿਆਂ ਨੂੰ ਕਥਾਕਾਰ ਆਲੋਚਨਾਤਮਿਕ ਰੂਪ ਵਿਚ ਭੰਡਦਾ ਹੈ।

ਇਸ ਕਹਾਣੀ ਦੁਆਰਾ ਰਸੂਲਪੁਰੀ ਮਨੁੱਖ ਦੁਆਰਾ ਤਕਨੀਕੀ ਸੰਸਾਰ ਵਿਚ ਸਿਰਜੇ ਝੂਠੇ ਤੇ ਫਰੇਬੀ ਰਿਸ਼ਤਿਆਂ ਦੀਆਂ ਅਨੇਕਾਂ ਪਰਤਾਂ ਫਰੋਲਦਾ ਹੋਇਆ ਮਨੁੱਖ ਨੂੰ ਵਾਸਤਵਿਕ ਰਿਸ਼ਤਿਆਂ ਨਾਲ ਜੋੜਨ ਲਈ ਪ੍ਰੇਰਦਾ ਹੈ। ਤਕਨੀਕੀ ਸੰਸਾਰ ਨਾਲ ਜੁੜਿਆ ਮਨੁੱਖ ਆਪਣੇ-ਆਪ ਨੂੰ ਨੌਜਵਾਨ ਤੇ ਕੁਦਰਤ ਦਾ ਕਰਿਸ਼ਮਾ ਸਮਝਣ ਲੱਗਦਾ ਹੈ, ਪਰੰਤੂ ਜਦੋਂ ਉਸ ਦਾ ਹਕੀਕਤ ਨਾਲ ਟਾਕਰਾ ਹੁੰਦਾ ਹੈ ਤਾਂ ਉਸ ਨੂੰ ਆਪਣੇ ਅਸਲ ਰਿਸ਼ਤਿਆਂ ਦੇ ਟੁੱਟਣ ਤੇ ਸਮਾਜਿਕ ਨਾਮੋਸ਼ੀ ਦਾ ਡਰ ਸਤਾਉਂਦਾ ਹੈ। ਇਹ ਕਹਾਣੀ ਮਨੁੱਖ ਨੂੰ ਜਿਹੜਾ ਕਿ ਵਿਸ਼ੇਸ਼ ਕਿਸਮ ਦੀਆਂ ਭ੍ਰਾਂਤੀਆਂ ਅਧੀਨ ਜੀਵਨ ਜਿਉਂ ਰਿਹਾ ਹੈ। ਉਸ ਨੂੰ ਸੁਚੇਤ ਕਰਕੇ ਅਸਲੀਅਤ ਨਾਲ ਜੋੜਨ ਦਾ ਯਤਨ ਕਰਦੀ ਹੈ ਤਾਂ ਜੋ ਉਹ ਆਪਣੇ ਲਹੂ ਦੇ ਰਿ

# ਸਾਹਿਤ ਚਿੰਤਨ ਦੀ ਇਕੱਤਰਤਾ 'ਚ 'ਪੁਰਖਾਰ ਵਾਟਾਂ' 'ਤੇ ਚਰਚਾ

**ਚੰਡੀਗੜ੍ਹ**-ਸਾਹਿਤ ਚਿੰਤਨ, ਚੰਡੀਗੜ੍ਹ ਦੀ ਜੂਨ ਮਹੀਨੇ ਦੀ ਮਾਸਿਕ ਇਕੱਤਰਤਾ ਕਾਮਰੇਡ ਭਾਗ ਸਿੰਘ ਸੱਜਣ ਮੈਮੋਰੀਅਲ ਟਰੱਸਟ (ਰਜਿ.) ਵਿਖੇ ਡਾ. ਰੌਣਕੀ ਰਾਮ ਦੀ ਪ੍ਰਧਾਨਗੀ ਹੇਠ ਹੋਈ। ਸਭ ਤੋਂ ਪਹਿਲਾਂ ਪਿਛਲੇ ਦਿਨੀਂ ਵਿੱਛੜੇ ਸਾਥੀਆਂ - ਗੀਤਕਾਰ ਗੁਰਸੇਵਕ ਬਰਾੜ, ਉੱਘੇ ਪ੍ਰਮਾਣੂ ਵਿਗਿਆਨੀ ਐੱਮ.ਆਰ. ਨਿਵਾਸਨ, ਨਕਸਲੀ ਆਗੂ ਨੰਬਾਲਾ ਕੇਸ਼ਵ ਰਾਉ ਉਰੋ ਬਸਵਰਾਜ, ਝਾਰਖੰਡ ਮੁਕਤੀ ਮੋਰਚਾ ਦੇ ਆਗੂ ਪੱਪੂ ਲੋਹਰਾ ਤੇ 400 ਹੋਰ ਨਕਸਲੀ, ਪਦਮਸ੍ਰੀ ਲੇਖਕ ਰਤਨ ਸਿੰਘ ਜੱਗੀ, ਅਦਾਕਾਰ ਮੁਕਲ ਦੇਵ, ਕੀਨੀਆ ਦਾ ਲੇਖਕ ਨਾਗੂਗੀ ਵਾ ਥਿਉਗੋ, ਪੇਂਡੂ ਸੰਘਰਸ਼ ਕਮੇਟੀ ਤੇ ਪੰਜਾਬੀ ਬਚਾਓ ਮੰਚ ਦੀ ਸਰਗਰਮ ਕਾਰਕੁੰਨ ਜਸਵਿੰਦਰ ਕੌਰ ਬਹਿਲਾਣਾ, ਕਾ. ਸੁਨੀਤ ਚੋਪੜਾ, ਸਾਥੀ ਦਲੀਪ ਨੰਦੀ ਉਰੋ ਦਾਦਾ ਜੀ, ਸਾਬਕਾ ਵੀ.ਸੀ. ਡਾ. ਐੱਸ.ਪੀ. ਸਿੰਘ ਦੀ ਪਤਨੀ, ਉੱਘੇ ਗਣਿਤ ਸ਼ਾਸ਼ਤਰੀ ਪਦਮ ਭੂਸ਼ਨ ਪ੍ਰੋ. ਰਾਮ ਪ੍ਰਕਾਸ਼ ਬਾਂਬਾ ਤੇ ਜੰਗਬੰਦੀ ਪਿੱਛੋਂ ਗਾਜ਼ਾ ਵਿੱਚ ਮਾਰੇ ਗਏ 552 ਫਲਸਤੀਨੀ ਨਾਗਰਿਕਾਂ ਨੂੰ ਦੋ ਮਿੰਟ ਮੌਨ ਖੜ੍ਹੇ ਹੋ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਫਿਰ ਪਿਛਲੇ ਮਹੀਨੇ ਦੀ ਕਾਰਵਾਈ ਰਿਪੋਰਟ ਪੜ੍ਹੀ ਤੇ ਪ੍ਰਵਾਨ ਕੀਤੀ ਗਈ। ਮੀਟਿੰਗ ਦੀ ਸ਼ੁਰੂਆਤ ਕਾ. ਮੰਗਤ ਰਾਮ ਪਾਸਲਾ ਦੀ ਪਹਿਲੀ ਕਿਤਾਬ-"ਕਿਣ-ਮਿਣ" ਵਿੱਚੋਂ ਕਠੂਆ (ਜੰਮੂ) ਦੇ ਮੰਦਰ ਵਿੱਚ ਫਿਰਕੂ ਤੱਤਾਂ ਵੱਲੋਂ ਬਲਾਤਕਾਰ ਪਿੱਛੋਂ ਕਤਲ ਕੀਤੀ ਗਈ ਆਸੋ ਬਾਲੜੀ ਦੀ ਪੁਕਾਰ-"ਅੰਮੜੀ ਵਿਹੜੇ" ਗੀਤ ਨਾਲ ਹੋਈ। ਦਵਿੰਦਰ ਕੌਰ ਢਿੱਲੋਂ ਨੇ ਇਹ ਗੀਤ ਪੇਸ਼ ਕੀਤਾ। ਕਾਮਰੇਡ ਮੰਗਤ ਰਾਮ ਪਾਸਲਾ ਦੀ ਦੂਜੀ ਨਵੀਂ ਕਿਤਾਬ-"ਪੁਰਖਾਰ ਵਾਟਾਂ" ਬਾਰੇ ਸੰਖੇਪ ਚਰਚਾ ਕਰਦਿਆਂ ਡਾ. ਕੁਲਦੀਪ ਕੌਰ ਨੇ ਕਿਹਾ ਕਿ ਇਹ ਕਮਿਊਨਿਸਟ ਕੁਲਵਕਤੀ ਦੀ ਆਤਮ ਕਥਾ ਹੈ। ਡਾ. ਸਰਬਜੀਤ ਸਿੰਘ ਕੰਗਣੀਵਾਲ ਨੇ ਕਿਹਾ ਕਿ ਕਮਿਊਨਿਸਟ ਪਾਰਟੀਆਂ ਅੰਦਰ ਜਮਹੂਰੀ ਕੇਂਦਰਵਾਦ ਵਿਚਾਰ ਦੀ ਮੰਗ ਕਰਦਾ ਹੈ। ਮਾਰਕਸਵਾਦ ਤੇ ਅੰਬੇਦਕਰਵਾਦ ਨੂੰ ਇਕੱਠੇ ਕਰਨਾ ਠੀਕ ਨਹੀਂ ਹੈ। ਪੂੰਜੀਵਾਦ ਦੀ ਥਾਂ ਸਮਾਜਵਾਦ ਦੀ ਉਸਾਰੀ ਕਰਨੀ ਪਵੇਗੀ। ਕੰਵਲਜੀਤ ਸਿੰਘ ਨੇ ਕਿਹਾ ਕਿ ਇਹ ਯਾਦਾਂ ਦੇ ਨਾਲ ਕਮਿਊਨਿਸਟ ਕੁਲਵਕਤੀ ਦੇ ਕੰਮ ਦਾ ਲੇਖਾ-ਜੋਖਾ ਵੀ ਹੈ। ਸਿਆਸੀ ਸੰਗਠਨ ਬਣਾ ਕੇ ਹੀ ਕਿਰਤੀਆਂ ਲਈ ਕੰਮ ਹੋ ਸਕਦਾ ਹੈ। ਸ੍ਰੀ ਸ਼ਬਦੀਸ਼ ਨੇ ਕਿਹਾ ਕਿ ਕਮਿਊਨਿਸਟ ਪਾਰਟੀਆਂ ਦੇ ਫੰਡਾਂ ਦੇ ਸਰੋਤ ਸਹੀ ਹੋਣੇ ਚਾਹੀਦੇ ਹਨ। ਚੁੱਪ ਕਈ ਵਾਰ ਅਪਰਾਧ ਵਰਗੀ ਹੁੰਦੀ ਹੈ। ਇਹ ਸਵੈ-ਪੜਚੋਲ ਦਾ ਦਸਤਾਵੇਜ਼ ਹੈ। ਜਸਵੰਤ ਸਿੰਘ ਨੇ ਕਿਹਾ ਕਿ ਇਹ ਸਿਆਸੀ ਕੁਲਵਕਤੀ ਦਾ ਇਕਬਾਲੀਆ ਬਿਆਨ ਹੈ। ਉਦਯੋਗਿਕ ਕ੍ਰਾਂਤੀ ਅਨੁਸਾਰ ਸਮਾਜ ਦੀ ਸੋਚ ਵੀ ਬਦਲਦੀ ਹੈ। ਬਾਹਰਮੁਖੀ ਹਾਲਾਤ ਸਭ ਲਈ ਸਮਾਨ ਹੁੰਦੇ ਹਨ। ਵੰਡ ਹੋਣਾ ਮੰਦਭਾਗਾ ਹੈ। ਡਾ. ਸੁਰਿੰਦਰ ਗਿੱਲ ਨੇ ਕਿਹਾ ਕਿ ਸਵੈ-ਜੀਵਨੀ ਵਿੱਚ ਬਚਪਨ ਤੇ ਜਵਾਨੀ ਸਮੇਂ ਦੀਆਂ ਸੱਧਰਾਂ ਤੇ ਸੁਪਨੇ ਵੀ ਹੋਣੇ ਚਾਹੀਦੇ ਹਨ। ਪਾਰਟੀਆਂ ਅੰਦਰ ਵੱਡੇ ਨੇਤਾਵਾਂ ਵੱਲੋਂ ਖਿਲਾਰੇ ਕੰਡੇ ਦੂਜਿਆਂ ਨੂੰ ਚੁਗਣੇ ਪੈਂਦੇ ਹਨ। ਇਹ ਸੁੰਦਰ ਸਿਆਸੀ ਟੈਕਸਟ ਹੈ। ਯਸ਼ਪਾਲ ਨੇ ਕਿਹਾ ਕਿ ਇਹ ਸਾਹਿਤਕ ਨਹੀਂ, ਸਿਆਸੀ ਟੈਕਸਟ ਹੈ। ਇਸ ਨੂੰ ਸਿਆਸੀ ਮੰਚ ਉੱਤੇ ਹੀ ਵਿਚਾਰਨਾ ਚਾਹੀਦਾ ਹੈ। ਕਾਮਰੇਡ ਮੰਗਤ ਰਾਮ ਪਾਸਲਾ ਨੇ ਸਰੋਤਿਆਂ ਦੇ ਸਨਮੁੱਖ ਹੁੰਦਿਆਂ ਕਿਹਾ ਕਿ ਮੈਂ ਰਾਜਸੀ ਕਾਮਾ ਹਾਂ। ਗੁਰਬਤ ਬੰਦੇ ਨੂੰ ਹਲੀਮੀ ਵੀ ਦਿੰਦੀ ਹੈ। ਮੇਰਾ ਲੋਕ ਲਹਿਰਾਂ ਨਾਲ ਸਰੋਕਾਰ ਹੈ। ਮੈਂ ਕਿਸੇ ਨੂੰ ਨਿੰਦ ਕੇ ਜਾਂ ਲੋਕ ਲਹਿਰਾਂ ਦੇ ਨਿਘਾਰ ਨੂੰ ਦੇਖ ਕੇ ਖੁਸ਼ ਨਹੀਂ ਹੁੰਦਾ। ਸੋਵੀਅਤ ਯੂਨੀਅਨ ਟੁੱਟਣ ਸਮੇਂ ਬਚਾਉਣ ਲਈ ਇੱਕ ਵੀ ਰੂਸੀ ਨਾਗਰਿਕ ਅੱਗੇ ਨਹੀਂ ਆਇਆ। ਮੈਂ ਬੇਆਸ ਤੇ ਵਿਹਲਾ ਬੰਦਾ ਨਹੀਂ ਹਾਂ। ਸਾਡਾ ਲੋਕਤੰਤਰ ਪੂੰਜੀਵਾਦ ਦੀ ਸੇਵਾ ਕਰਨ ਵਾਲਾ ਹੈ। ਪੱਛਮੀ ਬੰਗਾਲ ਵਿੱਚ ਕਮਿਊਨਿਸਟ ਕਾਰਕੁੰਨ ਫਿਰਕਾਪ੍ਰਸਤ ਭਾਜਪਾ ਵਿੱਚ ਨਹੀਂ ਜਾਣੇ ਚਾਹੀਦੇ। ਇਨਕਲਾਬੀ ਲਹਿਰ ਉਸਾਰਨ ਲਈ ਜਰਮਨ ਤੋਂ ਨੌਜਵਾਨ ਭਰਤੀ ਨਹੀਂ ਹੋਣੇ, ਇਹ ਕੰਮ ਪੰਜਾਬੀ/ਭਾਰਤੀ ਲੋਕਾਂ ਨੇ ਕਰਨਾ ਹੈ। ਡਾ. ਰੌਣਕੀ ਰਾਮ ਨੇ ਪ੍ਰਧਾਨਗੀ ਸਮੇਂ ਬੋਲਦਿਆਂ ਕਿਹਾ ਕਿ ਦੂਜੀ ਸੰਸਾਰ ਜੰਗ ਪਿੱਛੋਂ ਆਰਥਿਕ ਮੰਦੀ ਦਾ ਦੌਰ ਸੀ। ਸਰਮਾਏਦਾਰੀ ਤੇ ਸਮਾਜਵਾਦ ਦੋ ਵਿਚਾਰਧਾਰਾ ਹਨ। ਡੈਮੋਕਰੇਸੀ ਇੱਕ ਵਿਕਲਪ ਹੈ। ਜੇ ਵਿਚਾਰਾਂ ਦੀ ਪ੍ਰੋੜ੍ਹਤਾ ਨਹੀਂ ਹੁੰਦੀ ਤਾਂ ਅਹੁਦਾ ਤਿਆਗ ਦੇਣਾ ਚਾਹੀਦਾ ਹੈ। ਪੰਜਾਬ ਵਿੱਚ ਅੱਤਵਾਦ ਸਮੇਂ ਸਟੇਟ ਦਾ ਵੀ ਰੋਲ ਸੀ। ਇਨਕਲਾਬ ਤਾਂ ਇਨਕਲਾਬੀ ਵਿਚਾਰਾਂ ਉਤੇ ਅਮਲ ਕਰਕੇ ਹੀ ਹੋਣਾ ਹੈ। ਡਾ. ਜਗਦੀਸ਼ ਚੰਦਰ ਨੇ ਧੰਨਵਾਦ ਕਰਦਿਆਂ ਕਿਹਾ ਕਿ ਕੇਵਲ ਇਨਕਲਾਬੀ ਪਾਰਟੀ ਹੀ ਇਨਕਲਾਬ ਕਰ ਸਕਦੀ ਹੈ। ਪੂੰਜੀਵਾਦ ਕੋਲ ਕਿਸੇ ਮਸਲੇ ਦਾ ਹੱਲ ਨਹੀਂ ਹੈ। ਸਮਾਜਵਾਦ ਹੀ ਲੋਕ ਕਲਿਆਣ ਦਾ ਮਾਰਗ ਹੈ। ਉਪਰੋਕਤ ਤੋਂ ਇਲਾਵਾ ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਨਾਮਵਰ ਲੇਖਕ, ਸਾਹਿਤਕਾਰ ਅਤੇ ਚਿੰਤਕ ਹਾਜ਼ਰ ਸਨ। ਮੀਟਿੰਗ ਦੀ ਕਾਰਵਾਈ ਸਰਦਾਰਾ ਸਿੰਘ ਚੀਮਾ ਨੇ ਚਲਾਈ।

# ਪ੍ਰੈਸ ਪੰਜਾਬ ਵੱਲੋਂ 'ਚਰਚਾ ਕੌਮਾਂਤਰੀ' ਦਾ ਪਲੇਠਾ ਅੰਕ ਲੋਕ ਅਰਪਤ

**ਚੰਡੀਗੜ੍ਹ** : ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਵੱਲੋਂ ਚੰਡੀਗੜ੍ਹ ਦੇ 36 ਸੈਕਟਰ ਵਿੱਚ ਸਥਿਤ ਪੀਪਲਜ਼ ਕਨਵੈਂਸ਼ਨ ਸੈਂਟਰ ਵਿਖੇ ਪੰਜਾਬੀ ਦੇ ਚੌਮਾਸਕੀ 'ਚਰਚਾ ਕੌਮਾਂਤਰੀ' ਮੈਗਜ਼ੀਨ ਦਾ ਲੋਕ ਅਰਪਣ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਸਮਾਰੋਹ ਦੀ ਪ੍ਰਧਾਨਗੀ ਉੱਘੇ ਇਤਿਹਾਸਕਾਰ ਡਾ. ਸਵਰਨ ਸਿੰਘ ਵਿਰਕ ਅਤੇ ਪੰਜਾਬੀ ਸਾਹਿਤਕਾਰ ਗੁਰਨਾਮ ਕੰਵਰ ਨੇ ਕੀਤੀ। ਇਸ ਸਮਾਰੋਹ ਦੀ ਸ਼ੁਰੂਆਤ ਵਿਚ ਸਰਬ ਭਾਰਤੀ ਪ੍ਰਗਤੀਸ਼ੀਲ ਲੇਖਕ ਸੰਘ ਦੇ ਕੌਮੀ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ ਨੇ 'ਚਰਚਾ ਕੌਮਾਂਤਰੀ' ਮੈਗਜ਼ੀਨ ਦੇ ਪਿਛੋਕੜ ਬਾਰੇ ਦੱਸਦਿਆਂ ਕਿਹਾ ਕਿ ਇਹ ਮੈਗਜ਼ੀਨ ਪਹਿਲਾਂ ਇੰਗਲੈਂਡ ਵਾਸੀ ਪੰਜਾਬੀ ਸਾਹਿਤਕਾਰ ਦਰਸ਼ਨ ਸਿੰਘ ਢਿੱਲੋਂ ਦੁਆਰਾ ਸੰਪਾਦਿਤ ਕੀਤਾ ਜਾਂਦਾ ਸੀ, ਪ੍ਰੰਤੂ ਹੁਣ ਇਹ ਮੈਗਜ਼ੀਨ ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਦੀ ਸਰਪ੍ਰਸਤੀ ਹੇਠ ਛਾਪਿਆ ਜਾਵੇਗਾ। ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਦੇ ਪ੍ਰਧਾਨ ਸੁਰਜੀਤ ਜੱਜ ਨੇ ਮੈਗਜ਼ੀਨ ਦੀ ਪ੍ਰਕਾਸ਼ਨਾ ਲਈ ਸਭ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਪ੍ਰਗਤੀਸ਼ੀਲ ਲੇਖਕ ਸੰਘ ਹਮੇਸ਼ਾ ਲੋਕ ਹਿੱਤਾਂ ਦੀ ਗੱਲ ਕਰਦਾ ਰਿਹਾ ਹੈ ਅਤੇ ਇਸੇ ਤਰ੍ਹਾਂ ਇਹ ਮੈਗਜ਼ੀਨ ਵੀ ਆਉਣ ਵਾਲੇ ਸਮੇਂ ਵਿੱਚ ਸਮਾਜ ਪੱਖੀ ਪ੍ਰਗਤੀਸ਼ੀਲ ਵਿਚਾਰਾਂ ਨੂੰ ਪੇਸ਼ ਕਰਨ ਦਾ ਜ਼ਰੀਆ ਬਣੇਗਾ। ਇਸ ਮੌਕੇ 'ਚਰਚਾ ਕੌਮਾਂਤਰੀ' ਮੈਗਜ਼ੀਨ ਦੇ ਸੰਪਾਦਕ ਅਤੇ ਪ੍ਰਗਤੀਸ਼ੀਲ ਲੇਖਕ ਸੰਘ, ਪੰਜਾਬ ਦੇ ਜਨਰਲ ਸਕੱਤਰ ਡਾ. ਕੁਲਦੀਪ ਸਿੰਘ ਦੀਪ ਨੇ ਮੈਗਜ਼ੀਨ ਦੀ ਰੂਪ-ਰੇਖਾ ਬਾਰੇ ਦੱਸਦਿਆਂ ਕਿਹਾ ਕਿ ਇਹ ਮੈਗਜ਼ੀਨ ਬੇਸ਼ੱਕ ਸਿਰਜਣਾਤਮਕ ਅਤੇ ਆਲੋਚਨਾਤਮਕ ਸਾਹਿਤ ਵੀ ਪ੍ਰਕਾਸ਼ਿਤ ਕਰੇਗਾ, ਪਰ ਇਸ ਦਾ ਮੁੱਖ ਫੋਕਸ ਕੌਮਾਂਤਰੀ, ਕੌਮੀ ਅਤੇ ਚਿੰਤਨੀ ਸਰੋਕਾਰਾਂ 'ਤੇ ਹੋਵੇਗਾ।

ਡਾ. ਸਰਬਜੀਤ ਸਿੰਘ ਨੇ ਅਜੋਕੇ ਸਮੇਂ ਦੇ ਸੰਦਰਭ ਵਿੱਚ 'ਚਰਚਾ ਕੌਮਾਂਤਰੀ' ਮੈਗਜ਼ੀਨ ਦੀ ਮਹੱਤਤਾ ਨੂੰ ਸਪੱਸ਼ਟ ਕਰਦਿਆਂ ਕਿਹਾ ਕਿ ਲੋਕਾਂ ਦੇ ਹੱਕਾਂ ਦੀ ਆਵਾਜ਼ ਉਠਾਉਣ ਲਈ ਅਤੇ ਨੌਜਵਾਨ ਪੀੜ੍ਹੀ ਨੂੰ ਸਾਹਿਤ ਨਾਲ ਜੋੜਨ ਲਈ ਅਜਿਹੇ ਮੈਗਜ਼ੀਨਾਂ ਦੀ ਬਹੁਤ ਜ਼ਿਆਦਾ ਜ਼ਰੂਰਤ ਹੈ।ਇਸ ਮੌਕੇ ਚੰਡੀਗੜ੍ਹ ਦੇ ਲੇਖਕਾਂ, ਪਾਠਕਾਂ ਅਤੇ ਸਾਹਿਤ ਰਸੀਆਂ ਤੋਂ ਇਲਾਵਾ ਪੰਜਾਬ ਦੇ ਵੱਖ-ਵੱਖ ਕੋਨਿਆਂ ਤੋਂ ਆਏ ਬੁੱਧੀਜੀਵੀ ਚਿੰਤਕਾਂ, ਲੇਖਕਾਂ ਅਤੇ ਪ੍ਰਗਤੀਸ਼ੀਲ ਲੇਖਕ ਸੰਘ ਦੀਆਂ ਪੰਜਾਬ ਵਿੱਚ ਸਥਾਪਤ ਵੱਖ-ਵੱਖ ਇਕਾਈਆਂ ਦੇ ਮੈਂਬਰਾਂ ਨੇ ਆਪਣੀ ਭਰਪੂਰ ਹਾਜ਼ਰੀ ਲਵਾਈ।

**-ਕਾਰਤਿਕਾ ਕਲਿਆਣੀ ਸਿੰਘ/ਰੈਕਟਰ ਕਥੂਰੀਆ**

# ਡਾ. ਰਾਜਵੰਤ ਕੌਰ ਪੰਜਾਬੀ ਹੋਣਗੇ ਪੰਜਾਬੀ 'ਵਰਸਿਟੀ ਪਟਿਆਲਾ ਦੇ ਪੰਜਾਬੀ ਵਿਭਾਗ ਦੇ ਮੁਖੀ

**ਪਟਿਆਲਾ**-ਵਾਈਸ-ਚਾਂਸਲਰ ਡਾ. ਜਗਦੀਪ ਸਿੰਘ ਦੇ ਹੁਕਮਾਂ ਅਨੁਸਾਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਵਿਭਾਗ ਵਿਖੇ ਕਾਰਜਸ਼ੀਲ ਸਟੇਟ ਐਵਾਰਡੀ ਡਾ. ਰਾਜਵੰਤ ਕੌਰ ਪੰਜਾਬੀ ਵਿਭਾਗ ਦੇ ਮੁਖੀ ਵਜੋਂ 2 ਜੂਨ, 2025 ਨੂੰ ਆਪਣਾ ਅਹੁਦਾ ਸੰਭਾਲ ਰਹੇ ਹਨ। ਐੱਮ.ਏ. (ਪੰਜਾਬੀ ਅਤੇ ਧਰਮ ਅਧਿਐਨ) ਦੀਆਂ ਡਿਗਰੀਆਂ ਪ੍ਰਾਪਤ ਕਰਨ ਤੋਂ ਇਲਾਵਾ ਉਰਦੂ ਅਤੇ ਫ਼ਾਰਸੀ ਜ਼ੁਬਾਨਾਂ ਵਿਚ ਵੀ ਯੂਨੀਵਰਸਿਟੀ ਪੱਧਰ 'ਤੇ ਤਾਲੀਮ ਹਾਸਲ ਕਰਨ ਵਾਲੇ ਡਾ. ਪੰਜਾਬੀ ਨੇ 'ਪੰਜਾਬ ਦੇ ਵਿਆਹ ਸਮੇਂ ਦੇ ਲੋਕਗੀਤਾਂ ਵਿਚ ਭਾਵ ਸੰਚਾਰ' ਵਿਸ਼ੇ 'ਤੇ ਪੀਐੱਚ.ਡੀ. ਦੀ ਡਿਗਰੀ ਹਾਸਲ ਕੀਤੀ। ਯੂਨੀਵਰਸਿਟੀ ਵਿਖੇ ਇਕ ਦਿਹਾੜੀਦਾਰ ਕਲਰਕ ਤੋਂ ਆਪਣੀਆਂ ਸੇਵਾਵਾਂ ਦੀ ਸ਼ੁਰੂਆਤ ਕਰਨ ਵਾਲੇ ਡਾ. ਪੰਜਾਬੀ ਨੇ ਸਟੈਨੋ ਟਾਈਪਿਸਟ ਦੇ ਅਹੁਦੇ 'ਤੇ ਲੰਮਾ ਸਮਾਂ ਕਾਰਜ ਕੀਤਾ ਅਤੇ ਇਸ ਦੇ ਨਾਲ ਅਕਾਦਮਿਕ ਸਿੱਖਿਆ ਪ੍ਰਾਪਤੀ ਦਾ ਅਮਲ ਵੀ ਜਾਰੀ ਰੱਖਿਆ। ਉਪਰੰਤ ਉਹਨਾਂ ਨੇ ਪਹਿਲਾਂ ਯੂਨੀਵਰਸਿਟੀ ਦੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਤਕਨੀਕੀ ਵਿਕਾਸ ਦਾ ਉੱਚਤਮ ਕੇਂਦਰ ਵਿਖੇ ਬਤੌਰ ਲੈਕਚਰਾਰ ਸੇਵਾਵਾਂ ਨਿਭਾਈਆਂ। ਸਾਲ 2011 ਵਿਚ ਉਹ ਤਤਕਾਲੀਨ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਦੇ ਸੇਵਾ ਕਾਲ ਦੌਰਾਨ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵਿਖੇ ਬਤੌਰ ਅਸਿਸਟੈਂਟ ਪ੍ਰੋਫ਼ੈਸਰ ਹਾਜ਼ਰ ਹੋਏ, ਜਿੱਥੇ ਉਹਨਾਂ ਦੀ ਅਗਵਾਈ ਅਧੀਨ ਹੁਣ ਤੱਕ 25 ਖੋਜਾਰਥੀ ਐੱਮ.ਫਿਲ ਅਤੇ ਪੀਐੱਚ.ਡੀ. ਦੀਆਂ ਡਿਗਰੀਆਂ ਪ੍ਰਾਪਤ ਕਰ ਚੁੱਕੇ ਹਨ।

ਡਾ. ਰਾਜਵੰਤ ਕੌਰ 'ਪੰਜਾਬੀ' ਦੀ ਇਕ ਪ੍ਰਸਿੱਧ ਕਲਮਕਾਰ ਵਜੋਂ ਵੀ ਵਿਸ਼ੇਸ਼ ਪਛਾਣ ਹੈ। ਉਹਨਾਂ ਦੀਆਂ ਹੁਣ ਤੱਕ 21 ਪੁਸਤਕਾਂ ਛਪ ਚੁੱਕੀਆਂ ਹਨ, ਜਿਨ੍ਹਾਂ ਵਿਚ ਮੌਲਿਕ, ਖੋਜ, ਸੰਪਾਦਨ, ਲਿਪੀਅੰਤਰਣ, ਅਨੁਵਾਦ ਅਤੇ ਬਾਲ ਸਾਹਿਤ ਆਦਿ ਸ਼ਾਮਲ ਹਨ। ਉਹਨਾਂ ਦੀ ਪੁਸਤਕ 'ਸਿਹਰਾ ਤੇ ਸਿੱਖਿਆ ਸੰਕਲਨ ਅਤੇ ਮੁਲਾਂਕਣ' ਨੂੰ ਭਾਸ਼ਾ ਵਿਭਾਗ, ਪੰਜਾਬ ਵੱਲੋਂ ਸਾਲ 2010 ਵਿਚ ਸਰਬੋਤਮ ਪੁਸਤਕ ਪੁਰਸਕਾਰ ਪ੍ਰਾਪਤ ਹੋਇਆ ਸੀ। ਸਾਹਿਤ ਅਕਾਦਮੀ ਐਵਾਰਡੀ ਡਾ. ਦਰਸ਼ਨ ਸਿੰਘ ਆਸ਼ਟ ਦੇ ਜੀਵਨ-ਸਾਥਣ ਡਾ. ਪੰਜਾਬੀ ਵਰਤਮਾਨ ਸਮੇਂ ਵਿਚ ਸਾਹਿਤਯ ਅਕਾਦਮੀ ਦਿੱਲੀ ਅਤੇ ਭਾਸ਼ਾ ਵਿਭਾਗ, ਪੰਜਾਬ ਵਰਗੇ ਮਹੱਤਵਪੂਰਨ ਅਦਾਰਿਆਂ ਵੱਲੋਂ ਸੌਂਪੇ ਗਏ ਵੱਖ-ਵੱਖ ਖੋਜ ਪ੍ਰਾਜੈਕਟਾਂ 'ਤੇ ਕੰਮ ਕਰ ਰਹੇ ਹਨ।

# ਕਵਿਤਾ ਬਹਾਨੇ ਸਜਾਈ ਗਈ ਕਾਵਿ ਮਹਿਫ਼ਲ

**ਅੰਮ੍ਰਿਤਸਰ** : ਅੰਮ੍ਰਿਤਸਰ ਦੀਆਂ ਸਾਹਿਤ ਸਭਾਵਾਂ ਰਾਬਤਾ ਮੁਕਾਲਮਾ ਕਾਵਿ ਮੰਚ ਅਤੇ ਏਕਮ ਕਾਵਿ ਮੰਚ ਵੱਲੋਂ ਸਾਂਝੇ ਤੌਰ 'ਤੇ ਸ਼ਾਇਰਾ ਵਿਜੇਤਾ ਭਾਰਦਵਾਜ ਅਤੇ ਸ਼ਾਇਰ ਡਾ. ਰਾਕੇਸ਼ ਹੋਰਾਂ ਦੇ ਗ੍ਰਹਿ ਵਿਖੇ ਕਾਵਿ ਮਹਿਫ਼ਲ ਸਜਾਈ ਗਈ।ਡਾ. ਰਾਕੇਸ਼ ਨੇ ਆਏ ਦੋਸਤਾਂ ਨੂੰ ਜੀ ਆਇਆਂ ਕਿਹਾ।ਸ਼ਾਇਰ ਮਲਵਿੰਦਰ ਨੇ ਵਾਰੀ-ਵਾਰੀ ਹਾਜ਼ਰ ਦੋਸਤਾਂ ਨੂੰ ਸਰੋਤਿਆਂ ਮੂਹਰੇ ਪੇਸ਼ ਕੀਤਾ।ਹਾਜ਼ਰ ਸ਼ਾਇਰ ਅਰਤਿੰਦਰ ਸੰਧੂ, ਸਰਬਜੀਤ ਸੰਧੂ, ਹਰਜੀਤ ਸਿੰਘ ਸੰਧੂ, ਕੰਵਲਜੀਤ ਕੌਰ ਝੰਡ, ਜਗਤਾਰ ਗਿੱਲ, ਡਾ. ਮੋਹਨ ਬੇਗੋਵਾਲ, ਡਾ. ਭੁਪਿੰਦਰ ਸਿੰਘ ਫੇਰੂਮਾਨ, ਜਸਵੰਤ ਧਾਪ, ਸਤਿੰਦਰ ਓਠੀ, ਸਤਿਬੀਰ ਸਿੰਘ, ਰਮਨਜੀਤ ਕੌਰ, ਡਾ. ਰਾਕੇਸ਼, ਵਿਜੇਤਾ ਭਾਰਦਵਾਜ, ਮਲਵਿੰਦਰ, ਪਰਮਿੰਦਰ ਸੂਫ਼ੀ ਆਦਿ ਨੇ ਆਪਣੀਆਂ ਤਾਜ਼ਾ ਰਚਨਾਵਾਂ ਰਾਹੀਂ ਮਹਿਫ਼ਲ ਨੂੰ ਮਘਾਈ ਰੱਖਿਆ। ਧਾਪ, ਸੂਫੀ, ਵਿਜੇਤਾ ਦੇ ਤਰੰਨਮ ਨੇ ਸਰੋਤਿਆਂ ਨੂੰ ਸ਼ਰਸਾਰ ਕੀਤਾ। ਅੰਤ ਵਿੱਚ ਰਾਜਖੁਸ਼ਵੰਤ ਸਿੰਘ ਸੰਧੂ ਹੁਰਾਂ ਨੇ ਹਾਜ਼ਰ ਦੋਸਤਾਂ ਦਾ ਧੰਨਵਾਦ ਕੀਤਾ।

# 'ਕਿਛ ਸੁਣੀਐ ਕਿਛੁ ਕਹੀਐ' ਤਹਿਤ ਸਾਹਿਤਕਾਰ ਨਿਰਮਲ ਅਰਪਣ ਨਾਲ ਰਚਾਈ ਅਦਬੀ ਗੁ਼ਫ਼ਤਗੂ

**ਅੰਮ੍ਰਿਤਸਰ**-ਜਨਵਾਦੀ ਲੇਖਕ ਸੰਘ ਵੱਲੋਂ 'ਕਿਛ ਸੁਣੀਐ ਕਿਛੁ ਕਹੀਐ' ਤਹਿਤ ਅਰੰਭੀ ਬਜ਼ੁਰਗ ਸਾਹਿਤਕਾਰਾਂ ਨਾਲ ਅਦਬੀ ਗੁ਼ਫ਼ਤਗੂ ਦੀ ਲੜੀ ਦੇ ਸਿਲਸਿਲੇ ਹੇਠ ਪੰਜਾਬੀ ਦੇ ਨਾਮਵਰ ਸਾਹਿਤਕਾਰ ਨਿਰਮਲ ਅਰਪਣ ਨਾਲ ਸਾਹਿਤਕ ਸੰਵਾਦ ਰਚਾਇਆ ਗਿਆ। ਸਮਾਗਮ ਦੇ ਕਨਵੀਨਰ ਕਥਾਕਾਰ ਦੀਪ ਦੇਵਿੰਦਰ ਸਿੰਘ ਨੇ ਦੱਸਿਆ ਕਿ ਸਾਡਾ ਮਨੋਰਥ ਸਾਹਿਤਕਾਰਾਂ ਦੇ ਪਰਵਾਰਕ ਜੀਆਂ ਦੀ ਹਾਜ਼ਰੀ ਵਿਚ ਅਦਬੀ ਸੰਵਾਦ ਰਚਾਉਣ ਤੋਂ ਹੈ ਤਾਂ ਜੋ ਮੇਲ-ਜੋਲ ਅਤੇ ਬੋਲ-ਚਾਲ ਦੀ ਅਦਬੀ ਵਿਰਾਸਤ ਨੂੰ ਅੱਗੇ ਤੋਰਿਆ ਜਾਵੇ। ਨਿਰਮਲ ਅਰਪਣ ਹੁਰਾਂ ਮੌਜੂਦਾ ਹਾਲਾਤ 

# ਮਹਿੰਦਰ ਸਿੰਘ ਮਾਨ ਦੀਆਂ ਮਿੰਨੀ ਕਹਾਣੀਆਂ

## ਇਤਰਾਜ਼

ਪਿਤਾ ਦਿਵਸ ਵਾਲੇ ਦਿਨ ਮੈਂ ਇਕ ਕਵਿਤਾ 'ਮੇਰੇ ਪਿਤਾ' ਲਿਖ ਕੇ ਫੇਸਬੁਕ 'ਤੇ ਪੋਸਟ ਕਰ ਦਿੱਤੀ। ਘੰਟੇ ਪਿੱਛੋਂ ਮੇਰੀ ਪਤਨੀ ਦੇ ਚਾਚੇ ਦੇ ਮੁੰਡੇ ਮੁਨੀਸ਼ ਦਾ ਫੋਨ ਆ ਗਿਆ। ਆਖਣ ਲੱਗਾ, 'ਜੀਜਾ ਜੀ, ਤੁਹਾਡੀ ਕਵਿਤਾ ਮੈਨੂੰ ਬਹੁਤ ਵਧੀਆ ਲੱਗੀ, ਪਰ ਮੈਨੂੰ ਇਕ ਇਤਰਾਜ਼ ਆ।'

'ਕੀ ਇਤਰਾਜ਼ ਆ ? ' ਮੈਂ ਉਤਸੁਕਤਾ ਨਾਲ ਪੁੱਛਿਆ।

'ਤੁਸੀਂ ਆਪਣੀ ਕਵਿਤਾ ਵਿੱਚ ਪਿਤਾ ਲਈ ਤੂੰ ਸ਼ਬਦ ਦੀ ਵਰਤੋਂ ਕੀਤੀ ਆ, ਜੋ ਕਿ ਠੀਕ ਨਹੀਂ। ਤੁਹਾਨੂੰ ਆਪਣੇ ਪਿਤਾ ਲਈ ਤੁਸੀਂ ਸ਼ਬਦ ਦੀ ਵਰਤੋਂ ਕਰਨੀ ਚਾਹੀਦੀ ਸੀ।'

'ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਮਾਤਮਾ ਨੂੰ ਗੁਰੂਆਂ ਨੇ ਵੀ ਤੂੰ ਸ਼ਬਦ ਨਾਲ ਵਾਰ-ਵਾਰ ਪੁਕਾਰਿਆ ਆ। ਫੇਰ ਪਿਤਾ ਲਈ ਤੂੰ ਸ਼ਬਦ ਦੀ ਵਰਤੋਂ ਕਰਨੀ ਠੀਕ ਕਿਉਂ ਨਹੀਂ ? '

'ਪਰ ਮੈਂ ਤਾਂ ਆਪਣੇ ਪਿਤਾ ਨੂੰ ਹਮੇਸ਼ਾ ਤੁਸੀਂ ਕਹਿ ਕੇ ਬੁਲਾਂਦਾ ਆਂ।'

'ਤੁਸੀਂ ਆਪਣੇ ਪਿਤਾ ਨੂੰ ਤੁਸੀਂ ਕਹਿ ਕੇ ਜ਼ਰੂਰ ਬੁਲਾਂਦੇ ਹੋ, ਪਰ ਉਹ ਤੁਹਾਨੂੰ ਕਈ ਸਾਲਾਂ ਤੋਂ ਹੱਦੋਂ ਵੱਧ ਸ਼ਰਾਬ ਪੀਣ ਤੋਂ ਰੋਕ ਰਹੇ ਆ। ਤੁਸੀਂ ਹਾਲੇ ਤੱਕ ਉਨ੍ਹਾਂ ਦਾ ਕਹਿਣਾ ਨਹੀਂ ਮੰਨਿਆ, ਫੇਰ ਉਨ੍ਹਾ ਨੂੰ ਤੁਸੀਂ ਕਹਿ ਕੇ ਬੁਲਾਣ ਦਾ ਕੀ ਫਾਇਦਾ ? ਤੁਸੀਂ ਆਪਣੇ ਸਾਰੇ ਪਰਵਾਰ ਦੀ ਜ਼ਿੰਦਗੀ ਨਰਕ ਬਣਾ ਛੱਡੀ ਆ। ਇਕ ਦਿਨ ਇਸ ਸ਼ਰਾਬ ਨੇ ਤੁਹਾਨੂੰ ਲੈ ਬਹਿਣਾ।' ਏਨਾ ਸੁਣਦੇ ਸਾਰ ਮੁਨੀਸ਼ ਨੇ ਫੋਨ ਕੱਟ ਦਿੱਤਾ।

## ਕਰਵਾ ਚੌਥ

ਜੱਸੀ ਦੀ ਪਤਨੀ ਹਰ ਸਾਲ ਕਰਵਾ ਚੌਥ ਦਾ ਵਰਤ ਰੱਖਦੀ ਸੀ, ਪਰ ਐਤਕੀਂ ਉਸ ਨੇ ਵਰਤ ਨਹੀਂ ਰੱਖਿਆ ਸੀ। ਜੱਸੀ ਇਸ ਗੱਲ 'ਤੇ ਹੈਰਾਨ ਵੀ ਤੇ ਪਰੇਸ਼ਾਨ ਵੀ ਸੀ। ਉਸ ਨੇ ਹੌਸਲਾ ਕਰਕੇ ਪੁੱਛ ਹੀ ਲਿਆ, 'ਪੰਮੀ, ਮੈਂ ਤੈਨੂੰ ਹਰ ਸਾਲ ਵਰਤ ਰੱਖਣ ਦਾ ਸਾਰਾ ਸਾਮਾਨ, ਸੂਟ ਤੇ ਚੂੜੀਆਂ ਲੈ ਕੇ ਦਿੰਦਾ ਰਿਹਾਂ, ਫੇਰ ਤੂੰ ਐਤਕੀਂ ਵਰਤ ਕਿਉਂ ਨ੍ਹੀਂ ਰੱਖਿਆ ? '

'ਦੇਖੋ ਜੀ, ਮੈਂ ਅੱਜ ਤੋਂ ਇਹ ਮਨ ਬਣਾਇਐ ਕਿ ਮੈਂ ਇੱਕ ਦਿਨ ਵਰਤ ਰੱਖ ਕੇ ਤੁਹਾਡੀ ਲੰਮੀ ਉਮਰ ਦੀ ਕਾਮਨਾ ਕਰਨ ਦੀ ਥਾਂ ਹਰ ਰੋਜ਼ ਸਾਰੇ ਪਰਵਾਰ ਦੀ ਚੰਗੀ ਸਿਹਤ ਤੇ ਸੁੱਖ-ਸ਼ਾਂਤੀ ਪ੍ਰਮਾਤਮਾ ਪਾਸੋਂ ਮੰਗਿਆ ਕਰਾਂਗੀ, ਤੁਹਾਨੂੰ ਕੋਈ ਇਤਰਾਜ਼ ਤਾਂ ਨ੍ਹੀਂ।'

'ਮੈਨੂੰ ਇਤਰਾਜ਼ ਕੀ ਹੋ ਸਕਦਾ ? ਮੈਨੂੰ ਤਾਂ ਇਸ ਗੱਲ ਦੀ ਖ਼ੁਸ਼ੀ ਆ ਕਿ ਤੇਰੇ ਵਿਚਾਰਾਂ 'ਚ ਕਿੰਨੀ ਵੱਡੀ ਤਬਦੀਲੀ ਆ ਗਈ ਆ। ਪਰਵਾਰ ਦੇ ਇਕ ਜੀਅ ਦੇ ਥਾਂ ਸਾਰੇ ਜੀਆਂ ਨੂੰ ਸਿਹਤਮੰਦ ਤੇ ਖ਼ੁਸ਼ ਦੇਖਣ ਦੀ ਕਾਮਨਾ ਕਰਨੀ ਕੋਈ ਸਾਧਾਰਨ ਗੱਲ ਨ੍ਹੀਂ, ਮੇਰੇ ਦਿਲ 'ਚ ਪਹਿਲਾਂ ਵੀ ਤੇਰੇ ਲਈ ਬਹੁਤ ਸਤਿਕਾਰ ਸੀ, ਹੁਣ ਇਹ ਹੋਰ ਵੀ ਵਧ ਗਿਆ ਆ।'

ਏਨਾ ਕਹਿ ਕੇ ਉਹ ਪੰਮੀ ਵੱਲ ਵੇਖਣ ਲੱਗ ਪਿਆ ਤੇ ਫਿਰ ਉਹ ਦੋਵੇਂ ਜਣੇ ਮੁਸਕਰਾ ਪਏ।

## ਨਿਰਮੋਹੇ

ਕਰਮਜੀਤ ਦੀ ਮੰਮੀ ਦੀ ਮੌਤ ਹੋਈ ਨੂੰ ਇੱਕ ਸਾਲ ਹੋ ਚੱਲਿਆ ਸੀ। ਮੰਮੀ ਦੀ ਮੌਤ ਤੋਂ ਬਾਅਦ ਉਹ ਇੱਕ ਵਾਰ ਵੀ ਪੇਕੇ ਨਹੀਂ ਗਈ ਸੀ। ਫੋਨ ਕਰਕੇ ਹੀ ਭਰਾ-ਭਰਜਾਈ ਦਾ ਹਾਲ-ਚਾਲ ਪੁੱਛਦੀ ਰਹਿੰਦੀ ਸੀ। ਉਸ ਨੂੰ ਭਰਾ-ਭਰਜਾਈ ਦਾ ਵੀ ਕਦੇ-ਕਦੇ ਫੋਨ ਆ ਜਾਂਦਾ ਸੀ। ਅੱਜ ਉਸ ਦਾ ਦਿਲ ਕੀਤਾ ਕਿ ਉਹ ਭਰਾ-ਭਰਜਾਈ ਨੂੰ ਮਿਲ ਕੇ ਆਵੇ। ਉਸ ਨੇ ਆਪਣੀ ਐਕਟਿਵਾ ਸਟਾਰਟ ਕੀਤੀ ਤੇ ਪੇਕੇ ਘਰ ਨੂੰ ਤੁਰ ਪਈ।ਉਹ ਚਾਲੀ ਕੁ ਮਿੰਟਾਂ ਵਿੱਚ ਪੇਕੇ ਘਰ ਪਹੁੰਚ ਗਈ। ਉਸ ਦੇ ਭਰਾ-ਭਰਜਾਈ ਘਰ ਹੀ ਸਨ। ਉਹ ਦੋਵੇਂ ਉਸ ਨੂੰ ਵੇਖ ਕੇ ਖੜ੍ਹ ਗਏ ਤੇ ਉਸ ਨੂੰ ਗਲ਼ ਲੱਗ ਕੇ ਮਿਲੇ।

'ਮੈਂ ਤੇ ਤੇਰਾ ਭਾਅ ਜੀ ਤੈਨੂੰ ਬਹੁਤ ਮਿੱਸ ਕਰਦੇ ਸੀ। ਬੱਸ ਕੰਮਾਂ-ਕਾਰਾਂ ਤੋਂ ਵਿਹਲ ਨ੍ਹੀਂ ਮਿਲਦਾ, ਆ ਬੈਠ ਸੋਫੇ 'ਤੇ, ਮੈਂ ਚਾਹ-ਪਾਣੀ ਲੈ ਕੇ ਆਵਾਂ।' ਕਰਮਜੀਤ ਦੀ ਭਰਜਾਈ ਨੇ ਆਖਿਆ।

ਕਰਮਜੀਤ ਸੋਫੇ 'ਤੇ ਬੈਠ ਗਈ। ਕੁਝ ਮਿੰਟਾਂ ਪਿੱਛੋਂ ਉਸ ਦੀ ਭਰਜਾਈ ਚਾਹ-ਪਾਣੀ ਲੈ ਕੇ ਆ ਗਈ। ਤਿੰਨਾਂ ਨੇ ਬੈਠ ਕੇ ਚਾਹ-ਪਾਣੀ ਪੀਤਾ ਤੇ ਢੇਰ ਸਾਰੀਆਂ ਗੱਲਾਂ ਕੀਤੀਆਂ। ਕਰਮਜੀਤ ਨੂੰ ਕਈ ਜ਼ਨਾਨੀਆਂ ਨੇ ਦੱਸਿਆ ਸੀ ਕਿ ਮਾਵਾਂ ਤੋਂ ਬਾਅਦ ਪੇਕੇ ਘਰ ਕੁੜੀਆਂ ਨੂੰ ਕੋਈ ਨ੍ਹੀਂ ਪੁੱਛਦਾ, ਭਰਾ-ਭਰਜਾਈ ਨਿਰਮੋਹੇ ਹੋ ਜਾਂਦੇ ਆ। ਕੁੜੀਆਂ ਦੀ ਪੇਕੇ ਘਰ ਪਹਿਲੇ ਜਿੰਨੀ ਕਦਰ ਨ੍ਹੀਂ ਹੁੰਦੀ, ਪਰ ਅੱਜ ਉਸ ਦੇ ਭਰਾ-ਭਰਜਾਈ ਨੇ ਇਹ ਗੱਲਾਂ ਝੂਠੀਆਂ ਸਾਬਤ ਕਰ ਦਿੱਤੀਆਂ। ਦੋ-ਤਿੰਨ ਘੰਟਿਆਂ ਪਿੱਛੋਂ ਜਦ ਉਹ ਵਾਪਸ ਆਣ ਲਈ ਉਠ ਕੇ ਖੜ੍ਹੀ ਹੋਈ ਤਾਂ ਉਸ ਦੀ ਭਰਜਾਈ ਨੇ ਪੰਜ ਸੌ ਦਾ ਨੋਟ ਫੜਾਂਦਿਆਂ ਆਖਿਆ, 'ਦੀਦੀ ਛੇਤੀ-ਛੇਤੀ ਆ ਜਾਇਆ ਕਰ, ਸਾਨੂੰ ਇੱਥੇ ਮਿਲਣ ਨੂੰ ਕਿਹੜਾ ਹੋਰ ਕੋਈ ਆ। '

'ਭਾਬੀ ਮੈਨੂੰ ਪੈਸੇ ਨ੍ਹੀਂ ਚਾਹੀਦੇ। ਬੱਸ ਮੈਂ ਇਹੋ ਚਾਹੰਨੀ ਆਂ ਕਿ ਤੁਸੀਂ ਕਦੇ ਵੀ ਨਿਰਮੋਹੇ ਨਾ ਬਣਿਓਂ, ਜਿੱਦਾਂ ਅੱਜ ਤੁਸੀਂ ਮੋਹ ਨਾਲ ਮਿਲੇ ਹੋ, ਸਦਾ ਏਦਾਂ ਹੀ ਮਿਲਦੇ ਰਹਿਣਾ।'

ਏਨਾ ਕਹਿ ਕੇ ਉਸ ਨੇ ਭਰਾ-ਭਰਜਾਈ ਤੋਂ ਜਾਣ ਦੀ ਆਗਿਆ ਲਈ ਤੇ ਸਕੂਟਰੀ ਸਟਾਰਟ ਕਰਕੇ ਆਪਣੇ ਪੇਕੇ ਘਰ ਤੋਂ ਤੁਰ ਪਈ।

## ਮੌਤ ਚੰਗੀ ਆ

ਪਿਛਲੇ ਇਕ ਮਹੀਨੇ ਤੋਂ ਮੈਂ ਮਲੇਰੀਆ ਨਾਲ ਪੀੜਤ ਸਾਂ। ਇਸ ਸਮੇਂ ਦੌਰਾਨ ਮੇਰੀ ਭੂਆ ਦੇ ਸਭ ਤੋਂ ਛੋਟੇ ਲੜਕੇ ਜਸਵੀਰ ਦੀ ਮੌਤ ਹੋ ਗਈ ਸੀ। ਸਿਹਤ ਠੀਕ ਨਾ ਹੋਣ ਕਾਰਨ ਮੈਂ ਨਾ ਤਾਂ ਉਸ ਦੇ ਸਸਕਾਰ 'ਤੇ ਅਤੇ ਨਾ ਹੀ ਅੰਤਮ ਅਰਦਾਸ ਵਿੱਚ ਸ਼ਾਮਲ ਹੋ ਸਕਿਆ ਸਾਂ। ਅੱਜ ਕੁਝ ਚੰਗਾ ਮਹਿਸੂਸ ਕਰ ਰਿਹਾ ਸਾਂ, ਇਸ ਕਰਕੇ ਮੈਂ ਜਸਵੀਰ ਦੀ ਮੌਤ ਦਾ ਅਫਸੋਸ ਕਰਨ ਲਈ ਉਸ ਦੇ ਘਰ ਪਹੁੰਚ ਗਿਆ ਸਾਂ। ਮੈਨੂੰ ਆਇਆ ਦੇਖ ਕੇ ਜਸਵੀਰ ਦਾ ਮੁੰਡਾ ਮੇਰੀ ਭੂਆ ਦੇ ਵੱਡੇ ਲੜਕੇ ਨੂੰ ਵੀ ਸੱਦ ਲਿਆਇਆ। ਉਸ ਨੇ ਅਫਸੋਸ ਦੀਆਂ ਗੱਲਾਂ ਕਰਦਿਆਂ ਆਖਿਆ, 'ਮਾਸਟਰ ਜੀ, ਤੁਹਾਨੂੰ ਪਤਾ ਹੀ ਆ, ਮੇਰਾ ਛੋਟਾ ਭਰਾ ਪਿਛਲੇ ਚਾਰ ਸਾਲ ਤੋਂ ਚੂਲਾ ਟੁੱਟਣ ਕਰਕੇ ਮੰਜੇ 'ਤੇ ਪਿਆ ਸੀ, ਉਹ ਨਾ ਤਾਂ ਤੁਰ ਸਕਦਾ ਸੀ, ਨਾ ਚੰਗੀ ਤਰ੍ਹਾਂ ਬੈਠ ਸਕਦਾ ਸੀ। ਉਹ ਟੱਟੀ, ਪੇਸ਼ਾਬ ਮੰਜੇ 'ਤੇ ਹੀ ਕਰਦਾ ਸੀ। ਉਸ ਦੀ ਪਤਨੀ ਤੇ ਬੱਚਿਆਂ ਨੂੰ ਹੀ ਪਤਾ ਆ, ਉਨ੍ਹਾਂ ਚਾਰ ਸਾਲ ਕਿਵੇਂ ਗੁਜ਼ਾਰੇ ਆ। ਉਹ ਉਸ ਨੂੰ ਦਿਨ ਨੂੰ ਵੀ ਸੰਭਾਲਦੇ ਸਨ ਤੇ ਰਾਤ ਨੂੰ ਵੀ। ਫੇਰ ਘਰ ਦਾ ਸਾਰਾ ਕੰਮ ਵੀ ਕਰਦੇ ਸਨ। ਹੁਣ ਤਾਂ ਉਸ ਦੇ ਸਰੀਰ 'ਤੇ ਟਾਕੀਆਂ ਵੀ ਪੈ ਗਈਆਂ ਸਨ। ਲੋਕ ਕਹਿੰਦੇ ਆ, ਮੌਤ ਮਾੜੀ ਆ, ਪਰ ਮੈਂ ਕਹਿੰਨਾ, ਮੌਤ ਚੰਗੀ ਆ, ਜਿਸ ਨੇ ਮੇਰੇ ਛੋਟੇ ਭਰਾ ਨੂੰ ਇਸ ਨਰਕ ਭਰੀ ਜ਼ਿੰਦਗੀ 'ਚੋਂ ਕੱਢ ਦਿੱਤਾ ਆ।' ਜਸਵੀਰ ਦੇ ਸਸਕਾਰ ਅਤੇ ਅੰਤਮ ਅਰਦਾਸ ਵਿੱਚ ਸ਼ਾਮਲ ਨਾ ਹੋਣ ਦਾ ਜਿਹੜਾ ਬੋਝ ਮੇਰੇ ਮਨ 'ਤੇ ਸੀ, ਉਹ ਆਪਣੀ ਭੂਆ ਦੇ ਵੱਡੇ ਲੜਕੇ ਦੀਆਂ ਭਾਵਪੂਰਤ ਗੱਲਾਂ ਸੁਣ ਕੇ ਲਹਿ ਗਿਆ ਸੀ।

## ਘਰ ਦੀ ਰਾਖੀ

ਮੈਂ ਨਾਸ਼ਤਾ ਕਰਕੇ ਹਟਿਆ ਹੀ ਸਾਂ ਕਿ ਅੰਮ੍ਰਿਤਸਰ ਤੋਂ ਮੇਰੇ ਭਾਣਜੇ ਜਸਵਿੰਦਰ ਦਾ ਫੋਨ ਆ ਗਿਆ। ਸਭ ਦੀ ਰਾਜ਼ੀ-ਖੁਸ਼ੀ ਪੁੱਛਣ ਪਿੱਛੋਂ ਉਸ ਨੇ ਆਖਿਆ, 'ਮਾਮੀ ਜੀ ਨਾਲ ਗੱਲ ਤਾਂ ਕਰਾਇਓ।'

'ਉਹ ਤਾਂ ਹੁਸ਼ਿਆਰਪੁਰ ਮੁੰਡੇ, ਬਹੂ ਨਾਲ ਵਿਆਹ ਗਏ ਆ, ਮੈਂ ਹੀ ਘਰ 'ਕੱਲਾ ਆਂ।' ਮੈਂ ਜਵਾਬ ਦਿੱਤਾ।

'ਤੁਸੀਂ ਵਿਆਹ ਕਿਉਂ ਨ੍ਹੀਂ ਗਏ ? ਤੁਹਾਨੂੰ ਵੀ ਤਾਂ ਵਿਆਹ ਜਾਣਾ ਚਾਹੀਦਾ ਸੀ।'

'ਤੈਨੂੰ ਪਤਾ ਈ ਆ, ਅਸੀਂ ਦੋ ਕੁ ਮਹੀਨਿਆਂ ਤੋਂ ਨਵੇਂ ਘਰ 'ਚ ਰਹਿਣ ਲੱਗੇ ਆਂ। ਅੱਜਕੱਲ੍ਹ ਚੋਰ ਬਹੁਤ ਸਰਗਰਮ ਹੋਏ ਪਏ ਆ। ਇਸ ਲਈ ਘਰ ਦੀ ਰਾਖੀ ਕਰਨ ਲਈ ਇਕ ਬੰਦੇ ਦਾ ਘਰ ਰਹਿਣਾ ਜ਼ਰੂਰੀ ਸੀ।'

'ਮਾਮਾ ਜੀ, ਤੁਸੀਂ ਤਾਂ ਪੁਰਾਣੇ ਸਮਿਆਂ ਦੀਆਂ ਗੱਲਾਂ ਕਰਦੇ ਓ। ਚੁੱਪ ਕਰਕੇ ਕੈਮਰੇ ਲੁਆ ਲੈਣੇ ਸੀ। ਫੇਰ ਕਿਸੇ ਨੂੰ ਘਰ ਦੀ ਰਾਖੀ ਕਰਨ ਲਈ ਘਰ ਰਹਿਣ ਦੀ ਲੋੜ ਨਹੀਂ ਸੀ ਪੈਣੀ।'

'ਜਸਵਿੰਦਰ ਇਹ ਦੱਸ ਜਿੱਥੇ ਕੈਮਰੇ ਲੱਗੇ ਹੁੰਦੇ ਆ, ਉੱਥੇ ਚੋਰੀ ਨ੍ਹੀਂ ਹੁੰਦੀ। ਅੱਜਕੱਲ੍ਹ ਚੋਰ ਆਪਣੇ ਨੱਕ, ਮੂੰਹ ਢੱਕ ਕੇ ਆਂਦੇ ਆ, ਉਨ੍ਹਾਂ ਦੀਆਂ 'ਕੱਲੀਆਂ ਅੱਖਾਂ ਹੀ ਦਿਸਦੀਆਂ ਹੁੰਦੀਆਂ ਆਂ। ਐਸੀ ਹਾਲਤ ਵਿੱਚ ਕੈਮਰੇ ਕੀ ਕਰਨਗੇ ? ਆਪਣੀ ਰਾਖੀ ਆਪ ਹੀ ਕਰਨ 'ਚ ਭਲਾ ਆ।'

'ਗੱਲ ਤਾਂ ਤੁਹਾਡੀ ਠੀਕ ਆ, ਮਾਮਾ ਜੀ।' ਇਹ ਕਹਿ ਕੇ ਮੇਰੇ ਭਾਣਜੇ ਨੇ ਫੋਨ ਕੱਟ ਦਿੱਤਾ।

## ਸਿਰਫ ਸੌ ਰੁਪਿਆ

ਛੇ ਦਿਨ ਪਹਿਲਾਂ ਮਾਸਟਰ ਹਰਦਿਆਲ ਸਿੰਘ ਆਪਣੀ ਬੇਟੀ ਦੇ ਵਿਆਹ ਦਾ ਕਾਰਡ ਤੇ ਮਠਿਆਈ ਦਾ ਡੱਬਾ ਮੈਨੂੰ ਘਰ ਆ ਕੇ ਦੇ ਗਿਆ ਸੀ। ਵਿਆਹ ਦਾ ਕਾਰਡ ਤੇ ਮਠਿਆਈ ਦਾ ਡੱਬਾ ਦੇਣ ਵੇਲੇ ਉਸ ਨੇ ਮੈਨੂੰ ਆਖਿਆ ਸੀ ਕਿ ਭਾਵੇਂ ਵਿਆਹ ਨਵਾਂ ਸ਼ਹਿਰ ਬਲਿਊ ਮੂਨ ਪੈਲੇਸ ਵਿੱਚ ਹੋਣਾ ਹੈ, ਪਰ ਅਨੰਦ ਕਾਰਜ ਆਪਣੇ ਪਿੰਡ ਦੇ ਗੁਰਦੁਆਰੇ ਵਿੱਚ ਹੋਣੇ ਹਨ।

ਅੱਜ ਪਿੰਡ ਦੇ ਗੁਰਦੁਆਰੇ ਤੋਂ ਅਨਾਊਂਸਮੈਂਟ ਹੋ ਰਹੀ ਸੀ, 'ਮਾਸਟਰ ਹਰਦਿਆਲ ਸਿੰਘ ਦੀ ਬੇਟੀ ਦੇ ਅਨੰਦ ਕਾਰਜ ਸ਼ੁਰੂ ਹੋਣ ਲੱਗੇ ਆ, ਪਿੰਡ ਵਾਸੀ ਗੁਰਦੁਆਰਾ ਸਾਹਿਬ ਪਹੁੰਚ ਜਾਓ।' ਇਹ ਅਨਾਊਂਸਮੈਂਟ ਸੁਣ ਕੇ ਮੈਂ ਪਿੰਡ ਦੇ ਗੁਰਦੁਆਰੇ ਪਹੁੰਚ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਣ ਪਿੱਛੋਂ ਮੈਂ ਮਾਸਟਰ ਹਰਦਿਆਲ ਸਿੰਘ ਦੇ ਲਾਗੇ ਜਾ ਕੇ ਬਹਿ ਗਿਆ। ਉਸ ਦੇ ਖੱਬੇ-ਸੱਜੇ ਤਿੰਨ, ਚਾਰ ਮਾਸਟਰ ਵੀ ਬੈਠੇ ਸਨ, ਜੋ ਕਿ ਉਸ ਦੇ ਨਾਲ ਪੜ੍ਹਾਉਂਦੇ ਸਨ। ਪਾਠੀ ਸਿੰਘ ਨੇ ਚਾਰ ਲਾਵਾਂ ਪੜ੍ਹ ਕੇ ਅਨੰਦ ਕਾਰਜ ਪੂਰੇ ਕੀਤੇ। ਮੈਂ ਆਪਣੀ ਜੇਬ ਵਿੱਚੋਂ ਸ਼ਗਨ ਦਾ ਲਿਫਾਫਾ ਕੱਢ ਕੇ ਮਾਸਟਰ ਹਰਦਿਆਲ ਸਿੰਘ ਦੇ ਅੱਗੇ ਕਰਦਿਆਂ ਕਿਹਾ, 'ਤੁਹਾਨੂੰ ਬੇਟੀ ਦੇ ਵਿਆਹ ਦੀਆਂ ਬਹੁਤ-ਬਹੁਤ ਵਧਾਈਆਂ।'

ਮਾਸਟਰ ਹਰਦਿਆਲ ਸਿੰਘ ਨੇ ਆਖਿਆ, 'ਹਾਲੇ ਇਹ ਲਿਫਾਫਾ ਰਹਿਣ ਦਿਓ। ਗੁਰਦੁਆਰੇ ਤੋਂ ਬਾਹਰ ਜਾ ਕੇ ਲਵਾਂਗੇ।' ਮੈਨੂੰ ਉਸ ਦੇ ਇਸ ਵਰਤਾਓ 'ਤੇ ਕੁਝ ਗੁੱਸਾ ਚੜ੍ਹ ਗਿਆ। ਫਿਰ ਮਨ ਮਾਰ ਕੇ ਉਸ ਦੇ ਗੁਰਦੁਆਰੇ 'ਚੋਂ ਬਾਹਰ ਜਾਣ ਦਾ ਇੰਤਜ਼ਾਰ ਕਰਨ ਲੱਗਾ। ਪ੍ਰਸ਼ਾਦ ਲੈਣ ਪਿੱਛੋਂ ਲੜਕੇ ਨਾਲ ਆਏ ਬਰਾਤੀ ਤੇ ਪਿੰਡ ਦੇ ਲੋਕ ਗੁਰਦੁਆਰੇ ਤੋਂ ਬਾਹਰ ਆ ਗਏ। ਮੈਂ ਵੀ ਮਾਸਟਰ ਹਰਦਿਆਲ ਸਿੰਘ ਦੇ ਨਾਲ ਬਾਹਰ ਆ ਗਿਆ।

'ਮਾਸਟਰ ਜੀ, ਹੁਣ ਤਾਂ ਸ਼ਗਨ ਲੈ ਲਓ,' ਮੈਂ ਆਖਿਆ। ਉਹ ਬੜੀ ਨਿਮਰਤਾ ਨਾਲ ਆਖਣ ਲੱਗਾ, 'ਪਹਿਲਾਂ ਤਾਂ ਮੈਂ ਤੁਹਾਡੇ ਕੋਲੋਂ ਇਸ ਗੱਲ ਦੀ ਮਾਫੀ ਮੰਗਦਾਂ ਕਿ ਮੈਂ ਗੁਰਦੁਆਰੇ ਦੇ ਅੰਦਰ ਤੁਹਾਡੇ ਕੋਲੋਂ ਲਿਫਾਫਾ ਨਹੀਂ ਫੜਿਆ, ਦੂਜੀ ਗੱਲ ਮੈਂ ਕਿਸੇ ਤੋਂ ਵੀ ਲਿਫਾਫੇ ਵਿੱਚ ਸ਼ਗਨ ਨਹੀਂ ਲਿਆ, ਹਰ ਇਕ ਤੋਂ ਸਿਰਫ ਸੌ ਰੁਪਿਆ ਲਿਆ, ਤੁਹਾਨੂੰ ਪਤਾ ਹੀ ਆ, ਮੈਂ ਤੇ ਮੇਰੀ ਪਤਨੀ ਦੋਵੇਂ ਟੀਚਰ ਹਾਂ। ਸਾਨੂੰ ਕਿਸੇ ਵੀ ਚੀਜ਼ ਦੀ ਲੋੜ ਨਹੀਂ। ਬੇਟੀ ਕੁਝ ਦਿਨ ਪਹਿਲਾਂ ਆਸਟ੍ਰੇਲੀਆ ਤੋਂ ਵਿਆਹ ਕਰਾਣ ਲਈ ਆਈ ਸੀ, ਕੁਝ ਦਿਨਾਂ ਪਿੱਛੋਂ ਉਸ ਨੇ ਮੁੜ ਆਸਟ੍ਰੇਲੀਆ ਚਲੇ ਜਾਣਾ ਆਂ, ਇਸ ਕਰਕੇ ਤੁਸੀਂ ਮੈਨੂੰ ਸਿਰਫ ਸੌ ਰੁਪਿਆ ਸ਼ਗਨ ਦਾ ਦੇ ਦਿਓ।'

ਮੈਂ ਆਪਣੇ ਬਟੂਏ 'ਚੋਂ ਸੌ ਰੁਪਏ ਦਾ ਨੋਟ ਕੱਢ ਕੇ ਉਸ ਦੇ ਹੱਥਾਂ 'ਤੇ ਰੱਖ ਦਿੱਤਾ। ਮੈਂ ਸੋਚ ਰਿਹਾ ਸਾਂ ਕਿ ਜੇ ਸਾਰੇ ਲੋਕ ਉਸ ਵਾਂਗ ਕਰਨ ਲੱਗ ਪੈਣ ਤਾਂ ਕਿੰਨਾ ਪੈਸਾ ਬਚ ਸਕਦਾ ਅਤੇ ਵਾਧੂ ਦੇ ਲੜਾਈ, ਝਗੜੇ ਤੇ ਕਲੇਸ਼ ਜਿਹੜੇ ਲੈਣ-ਦੇਣ ਪਿੱਛੇ ਹੁੰਦੇ ਹਨ, ਵੀ ਘਟ ਸਕਦੇ ਹਨ।

## ਅੰਤਮ ਅਰਦਾਸ

ਕੁਝ ਦਿਨ ਪਹਿਲਾਂ ਮੇਰੀ ਪਤਨੀ ਦੇ ਤਾਏ ਦੇ ਮੁੰਡੇ ਦੀ ਕੁਝ ਸਮਾਂ ਬਿਮਾਰ ਰਹਿਣ ਪਿੱਛੋਂ ਮੌਤ ਹੋ ਗਈ ਸੀ। ਉਹ ਮੇਰੀ ਪਤਨੀ ਤੋਂ ਉਮਰ ਵਿੱਚ ਪੰਦਰਾਂ ਕੁ ਸਾਲ ਵੱਡਾ ਸੀ। ਅੱਜ ਮੈਂ ਆਪਣੀ ਪਤਨੀ ਨਾਲ ਉਸ ਦੀ ਅੰਤਮ ਅਰਦਾਸ ਵਿੱਚ ਸ਼ਾਮਲ ਹੋਣ ਲਈ ਆਪਣੇ ਸਹੁਰੇ ਪਿੰਡ ਜਾ ਰਿਹਾ ਸਾਂ। ਮੇਰੀ ਪਤਨੀ ਦੇ ਤਾਏ ਦੇ ਮੁੰਡੇ ਨੇ ਸਾਰੀ ਉਮਰ ਚੱਜ ਨਾਲ ਕੰਮ ਕਰਕੇ ਨਹੀਂ ਸੀ ਵੇਖਿਆ। ਮੈਂ ਜਦ ਵੀ ਉਸ ਦੇ ਘਰ ਜਾਂਦਾ, ਉਹ ਆਪਣੇ ਘਰ ਤੋਂ ਬਾਹਰ ਤਿੰਨ-ਚਾਰ ਸਾਥੀਆਂ ਨਾਲ ਤਾਸ਼ ਖੇਡਦਾ ਨਜ਼ਰ ਆਉਂਦਾ। ਉਸ ਦੇ ਘਰ ਨੂੰ ਉਸ ਦੇ ਦੋ ਮੁੰਡੇ ਹੀ ਮਜ਼ਦੂਰੀ ਕਰਕੇ ਚਲਾਉਂਦੇ ਸਨ। ਉਸ ਦੇ ਘਰ ਦੀ ਹਾਲਤ ਬਹੁਤੀ ਚੰਗੀ ਨਹੀਂ ਸੀ। ਜਦ ਮੈਂ ਆਪਣੀ ਪਤਨੀ ਨਾਲ ਉਸ ਦੇ ਘਰ ਦੇ ਲਾਗੇ ਪਹੁੰਚਿਆ ਤਾਂ ਮੈਂ ਵੇਖਿਆ, ਗਲੀ ਵਿੱਚ ਟੈਂਟ ਲੱਗਾ ਹੋਇਆ ਸੀ। ਮੇਜ਼ਾਂ 'ਤੇ ਗੁਲਾਬ ਜਾਮਨ, ਰਸਗੁੱਲੇ, ਬਰਫੀ ਟਰੇਆਂ ਵਿੱਚ ਅਤੇ ਦੋ ਕੁ ਕਿਸਮ ਦੇ ਪਕੌੜੇ ਡੌਂਗਿਆਂ ਵਿੱਚ ਪਾ ਕੇ ਰੱਖੇ ਹੋਏ ਸਨ। ਅੰਤਮ ਅਰਦਾਸ ਵਿੱਚ ਸ਼ਾਮਲ ਹੋਣ ਵਾਲੇ ਬੰਦਿਆਂ ਤੇ ਤੀਵੀਆਂ ਨੂੰ ਚਾਹ-ਪੀਣ ਲਈ ਕਿਹਾ ਜਾ ਰਿਹਾ ਸੀ। ਇਹ ਵੇਖ ਕੇ ਮੈਂ ਅੰਦਾਜ਼ਾ ਲਾਇਆ ਕਿ ਰੋਟੀ ਦਾ ਪ੍ਰਬੰਧ ਵੀ ਇਸੇ ਤਰ੍ਹਾਂ ਦਾ ਹੋਵੇਗਾ। ਮੈਂ ਸੋਚਣ ਲੱਗ ਪਿਆ ਕਿ ਏਨਾ ਖਰਚ ਕੀਤੇ ਬਿਨਾਂ ਵੀ ਲੋਕਾਂ ਨੇ ਅੰਤਮ ਅਰਦਾਸ ਵਿੱਚ ਸ਼ਾਮਲ ਹੋ ਜਾਣਾ ਸੀ। ਅੰਤਮ ਅਰਦਾਸ ਨਾਲ ਮੇਰੀ ਪਤਨੀ ਦੇ ਤਾਏ ਦੇ ਮੁੰਡਿਆਂ ਸਿਰ ਇਕ ਲੱਖ ਤੋਂ ਵੱਧ ਦਾ ਕਰਜ਼ਾ ਸਿਰ ਚੜ੍ਹ ਜਾਣਾ ਸੀ, 

ਵਮਨ ਰਾਓ ਦੇਸ਼ਪਾਂਡੇ
ਉਲੱਥਾਕਾਰ : ਮਕਸੂਦ ਸਾਕਿਬ
ਗੁਰਮੁਖੀ ਉਲੱਥਾਕਾਰ : ਜੋਗਿੰਦਰ ਪਾਲ ਮਾਨ

*(ਇਸ ਲੇਖ ਦੇ ਨਾਲ ਹੀ ਇਹ ਲੇਖ ਲੜੀ ਸਮਾਪਤ ਹੋ ਜਾਂਦੀ ਹੈ। ਇਨ੍ਹਾਂ ਲੇਖਾਂ ਬਾਰੇ ਮਕਸੂਦ ਸਾਕਿਬ ਹੁਰਾਂ ਇਸ ਤਰ੍ਹਾਂ ਲਿਖਿਆ... 9 ਜੀਵਨ ਕਹਾਣੀਆਂ ਪੰਡਤ ਬੀ. ਆਰ. ਦਿਓਧਰ ਦੀਆਂ ਨੇਂ। ਉਹਨਾਂ ਮਰਾਠੀ ਵਿੱਚ ਲਿਖੀਆਂ ਕਿ ਖ਼ਬਰੇ ਹਿੰਦੀ ਵਿੱਚ, ਸਾਨੂੰ ਅੰਗਰੇਜ਼ੀ ਵਿਚ ਈ ਲੱਭੀਆਂ, ਰਾਮ ਦੇਸ਼ਮੁਖ ਦੀਆਂ ਉਲਥਾਈਆਂ, ਅੱਗੋਂ ਅਸਾਂ ਏਹਨਾਂ ਦਾ ਲੋਕ ਬੋਲੀ ਪੰਜਾਬੀ ਵਿਚ ਉਲਥਾ ਕੀਤਾ ਤੇ ਮਹੀਨਵਾਰ 'ਮਾਂ ਬੋਲੀ' ਤੇ 'ਪੰਚਮ' ਵਿਚ ਵਰਤਾਈਆਂ। ਸਗਵੀਂ ਈ ਮੁਗੋ ਬਾਈ ਕੁਰਦੇਕਰ ਦੀ ਜੀਵਨ ਕਥਾ ਏ, ਵਮਨ ਰਾਓ ਦੇਸ਼ਪਾਂਡੇ ਦੀ ਲਿਖੀ। ਏਹ ਰਾਮਦੇਸ਼ਮੁਖ ਤੇ ਬੀ. ਆਰ. ਢੇਕਨੇ ਦੀ ਅੰਗਰੇਜ਼ੀ ਕਿਤਾਬ ਵਿਚੋਂ ਏ, ਏਹਦਾ ਪੰਜਾਬੀ ਉਲਥਾ ਵੀ 'ਮਾਂ-ਬੋਲੀ' ਵਿਚ ਈ ਛਪਿਆ ਸੀ ਇਕ ਵੇਲੇ। ਸੁਸ਼ੀਲ ਮਿਸਰਾ ਦੀ ਅੰਗਰੇਜ਼ੀ ਵਿਚ ਲਿਖੀ ਪੰਡਤ ਉਮਕਾਰ ਨਾਥ ਦੀ ਕਹਾਣੀ ਇੰਟਰਨੈੱਟ ਦੀ ਦੇਣ ਏ। ਏਹਦਾ ਪੰਜਾਬੀ ਉੱਲਥਾ ਮਹੀਨਾਵਾਰ 'ਪੰਚਮ' ਵਿਚ ਦੋ ਵਾਰਾਂ ਛਪਿਆ, ਇਕ ਵਾਰੀ ਨਿਰਾ ਤੇ ਦੂਜੀ ਵਾਰੀ ਨਜ਼ਮ ਹੁਸੈਨ ਸੱਯਦ ਹੋਰਾਂ ਦੀ ਨਜ਼ਮ 'ਉਮਕਾਰ ਨਾਥ ਨਾਲ ਗੱਲ' ਸਣੇ। ਉੱਲਥੇ ਦਾ ਏਹ ਸਾਰਾ ਕੰਮ ਨਜ਼ਮ ਸਾਹਿਬ ਦੀ ਪਾਰੋਂ ਹੋਇਆ ਜੇਹਨਾਂ ਇਕ ਜ਼ਮਾਨੇ ਮੇਰੇ ਜੀ. ਐਨ. ਜੋਸ਼ੀ ਦੀ ਕਿਤਾਬ ਵਿਚੋਂ ਕੀਤੇ ਉੱਲਥੇ ਸਲਾਹੁੰਦਿਆਂ ਅੰਗਰੇਜ਼ੀ ਦੀਆਂ ਏਹ ਕਿਤਾਬਾਂ ਪੜ੍ਹਣ ਲਈ ਦਿੱਤੀਆਂ ਤੇ ਨਾਲ ਏਹਨਾਂ ਦੇ ਉਲਥੇ ਦੀ ਵੀ ਮਲਕੜੇ ਜੇਹੇ ਫ਼ਰਮੈਸ਼ ਪਾਈ। ਏਹ ਕਿਤਾਬ ਛਾਪਦਿਆਂ ਮੈਂ ਨਜ਼ਮ ਸਾਹਿਬ ਦੇ ਨਾਲ ਨਾਲ ਏਹਨਾਂ ਕਹਾਣੀਆਂ ਦੇ ਅਸਲ ਲਿਖਿਆਰਾਂ ਤੇ ਅੰਗਰੇਜ਼ੀ ਉੱਲਥੇਕਾਰਾਂ ਦਾ ਵੀ ਢੇਰ ਥੋਗਾਈਅਤ (ਅਹਿਸਾਨਮੰਦ) ਆਂ। ਬਾਬੇ ਸੇਂਦੇ ਖਾਂ (ਸ਼ੈਦੇ ਖ਼ਾਂ, ਸਿੱਧੀ ਬਾਬੇ) ਦੀ ਅਲੱਭ ਮੂਰਤ ਲਈ ਮੈਂ ਉਸਤਾਦ ਗ਼ੁਲਾਮ ਹੈਦਰ ਖ਼ਾਂ ਹੋਰਾਂ ਦਾ ਉੱਚੇਚਾ ਰਿਣੀ ਆਂ।*

*ਫ਼ਾਇਜ਼ਾ ਗਾਨਾ ਹੋਰਾਂ ਦਾ ਸਦਾ ਮੈਨੂੰ ਚੜ੍ਹਦੀਆਂ ਕਲਾਂ ਵਿਚ ਰੱਖਣ ਨਿਰਾ ਮੇਰੇ ਏਸ ਆਹਰ ਦੀ ਈ ਨਹੀਂ ਸਗੋਂ ਮੇਰੇ ਜੀਵਨ ਘੋਲ ਦੀ ਵੀ ਗੂੜ੍ਹੀ (ਪੂੰਜੀ) ਏ। ਓਹਨਾਂ ਦੇ ਥੋਰੇ (ਅਹਿਸਾਨ, ਧੰਨਵਾਦ) ਲਈ ਮੈਂ ਲਫ਼ਜ਼ਹੀਣ ਆ।)*

## ਸੁਰ-ਸੰਗੀਤ ਦੇ ਹੀਰੇ-11

# ਮੁਗੋ ਬਾਈ ਕੁਰਦੇਕਰ

(ਬੀਬੀ ਮੁਗੋ ਬਾਈ ਕੁਰਦੇਕਰ ਹੋਰੀਂ ਖ਼ਾਨ ਸਾਹਿਬ ਅੱਲ੍ਹਾ ਦੀਏ ਖ਼ਾਂ ਦੇ ਸ਼ਗਿਰਦ ਤੇ ਕਿਸ਼ੋਰੀ ਅਮੋਨੇਕਰ ਦੇ ਅੰਮਾਂ ਜੀ ਨੇਂ। ਜੈ ਪੁਰ ਘਰਾਣੇ ਦੀ ਸ਼ਗਿਰਦੀ ਵਿਚ ਪੰਡਤ ਭਾਸਕਰ ਰਾਓ ਦੇ ਸੰਗੀਤ ਸੁਰੇਸ਼ਰੀ ਕੇਸਰ ਬਾਈ ਕੇਰਕਰ ਤੋਂ ਮਗਰੋਂ ਏਹਨਾਂ ਦਾ ਈ ਨਾਂ ਆਉਂਦਾ ਏ। ਕੇਸਰ ਬਾਈ ਕੇਰਕਰ ਵਾਕਣ ਏਹ ਵੀ ਗੋਆ ਦੇ ਨੇਂ। ਏਹਨਾਂ ਦੇ ਪਿੰਡ ਦਾ ਨਾਂ ਕੁਰਦੀ ਸੀ। ਗੋਆ ਨੂੰ ਬਖ਼ਸ਼ ਏ ਏਹਨੇ ਹਿੰਦੋਸਤਾਨ ਨੂੰ ਸੰਗੀਤ, ਡਰਾਮੇ ਤੇ ਨਾਚ ਦੇ ਬੜੇ ਵੱਡੇ-ਵੱਡੇ ਕਲਾਕਾਰ ਦਿੱਤੇ ਨੇਂ। ਵਾਅ-ਪਾਣੀ ਤੋਂ ਵੱਖ ਏਹਦਾ ਵੱਡਾ ਕਾਰਣ ਲਾਤੀਨੀ ਗੀਤ ਵੀ ਆਖੀ ਜਾ ਸਕਦੀ ਏ, ਜੇਹੜੀ ਏਥੇ ਪੁਰਤਗੇਜ਼ੀਆਂ ਦੇ ਸਾਢੇ ਚਾਰ ਸੌ ਵਰ੍ਹਿਆਂ ਦੇ ਰਾਜ ਵਿਚ ਵਧੀ ਫ਼ੱਲੀ।

ਮੁਗੋ ਬਾਈ ਕੁਰਦੇਕਰ ਵਿਚ ਕਲਾ ਦੀ ਜਮਾਂਦਰੂ ਕਣੀ ਸੀ। ਮਾਪੇ ਵੀ ਸੁੰਜਾਣੂ ਸਨ। ਨਿੱਕੀ ਉਮਰੇ ਈ ਗਾਣੇ ਤੇ ਨਾਚ ਦੀ ਸਿੱਖਿਆ ਚਾਲੂ ਹੋ ਗਈ। ਬਾਲ ਕ੍ਰਿਸ਼ਨ ਪਰਵਤਕਰ ਤੋਂ ਏਹਨਾਂ ਸੰਗੀਤ ਦੀ ਮੁਢਲੀ ਸਿੱਖਿਆ ਲਈ ਤੇ ਰਾਮ ਲਾਲ ਕਥਕ ਹੋਰਾਂ ਤੋਂ ਨਾਚ ਸਿੱਖਿਆ। ਮਾੜੇ ਹਾਲੀਂ ਮਗੋ ਜੀ ਪਰਵਤਕਰ ਨਾਟਕ ਮੰਡਲੀ ਵਿਚ ਭਰਤੀ ਹੋ ਗਏ। ਏਥੇ ਏਹਨਾਂ ਸਾਂਗ ਕਲਾ ਸਿੱਖੀ। ਖ਼ਾਂ ਸਾਹਿਬ ਅੱਲ੍ਹਾ ਦੀਏ ਖ਼ਾਂ ਦੀ ਸ਼ਗਿਰਦੀ ਮਗਰੋਂ ਏਹਨਾਂ ਸੰਗੀਤ ਈ ਅਪਣਾਇਆ ਤੇ ਨਾਂ ਕਮਾਇਆ। ਮੁਗੋ ਬਾਈ ਕੁਰਦੇਕਰ ਗਾਣੇ ਦਾ ਵੰਡ-ਵੇਰਵਾ ਏਸ ਲਿਖਤ ਦਾ ਮੂਲ ਏ, ਤੁਸਾਂ ਪੜ੍ਹ ਵੇਖੋ।)

ਆਪਣੇ ਉਸਤਾਦ ਬਾਰੇ ਲਿਖਣਾ ਪੈ ਜਾਵੇ ਤਾਂ ਬੰਦਾ ਸੰਗਦਾ ਈ ਰਹਿੰਦਾ ਏ। ਵਰ੍ਹਿਆਂ ਦੀ ਗੂੜ੍ਹੀ ਸੰਗਤ ਆਖਣੋ ਵੇਖਣੋ ਵਰਜਦੀ ਏ ਤੇ ਚਿੰਤਾ ਰਹਿੰਦੀ ਏ ਏਨੀਆਂ ਨਿੱਜੀ ਗੱਲਾਂ ਨਾਲ ਨਿਆਂ ਹੋਂਦਾ ਏ ਕਿ ਨਹੀਂ। ਪਰ ਪਿਛਲੇ ਵਰ੍ਹਿਆਂ ਵਿਚ ਅਜੇਹਾ ਕੁਝ ਵਰਤਿਆ ਏ ਪਈ ਮੁਗੋ ਬਾਈ ਕੁਰਦੇਕਰ ਦੇ ਕੰਮ ਦਾ ਵੇਰਵਾ ਜ਼ਰੂਰੀ ਹੋ ਗਿਆ ਏ। 1968 ਵਿਚ ਸੰਗੀਤ ਨਾਟਕ ਅਕੈਡਮੀ ਨੇ ਓਹਨਾਂ ਨੂੰ ਪੱਕੇ ਗਾਣੇ ਦਾ ਐਵਾਰਡ ਦਿੱਤਾ। 1974 ਵਿਚ ਸਰਕਾਰ ਨੇ ਓਹਨਾਂ ਨੂੰ ਪਦਮ ਭੂਸ਼ਨ ਦਾ ਦਰਜਾ ਦੇ ਕੇ ਵਡਿਆਇਆ। ਏਹ ਨਾਮਣੇ ਓਹਨਾਂ ਦੀ ਕਲਾ ਦੀ ਮੁਲਖੀ ਪੱਧਰ ਉੱਤੇ ਮਨੀਜ ਦਾ ਸਬੂਤ ਨੇਂ। ਏਹ ਨਹੀਂ ਜੋ ਪਹਿਲਾਂ ਓਹਨਾਂ ਨੂੰ ਮੁਲਖ ਵਿਚ ਕੋਈ ਜਾਣਦਾ ਯਾ ਮੰਨਦਾ ਨਹੀਂ ਸੀ। ਏਹ ਤਾਂ ਸਮਝ ਲਵੋ ਓਹਨਾਂ ਦੇ ਇਕ ਵੱਡੇ ਗਾਇਕ ਹੋਵਣ ਨੂੰ ਚੜ੍ਹਾਵਾ ਨੇਂ। ਨਾਮਣੇ ਤਾਂ ਓਹਨਾਂ ਨੂੰ ਬਹੁਤ ਪਹਿਲੋਂ ਦੇਣੇ ਬਣਦੇ ਸਨ, ਪਰ ਸਾਡੇ ਸੰਗੀਤ ਸੰਸਾਰ ਦੀ ਗੁੜ੍ਹਤੀ ਵਿਚ ਕੁਝ ਅਜੇਹੇ ਪਵਾੜੇ ਨੇਂ ਜੇਹੜੇ ਇੰਜ ਦੇ ਕੰਮ ਵੇਲੇ ਸਿਰ ਨਹੀਂ ਹੋਵਣ ਦੇਂਦੇ।

ਸਰਕਾਰੀ ਮਾਨਤਾ ਤੇ ਪੂਰੇ ਮੁਲਖ ਵਿਚ ਸਫਲਤਾ, ਬਹੁਤਾ ਕਰਕੇ ਓਹਨਾਂ ਸੰਗੀਤਕਾਰਾਂ ਨੂੰ ਜੁੜਦੀ ਏ ਜੇਹੜੇ ਵਟਦੇ ਵੇਲੇ ਦੇ ਸਵਾਦਾਂ ਮੂਜਬ ਆਪਣਾ ਅੰਗ ਵਟਾਂਦੇ ਰਹਿੰਦੇ ਨੇਂ। ਮੇਰੀ ਗੱਲ ਏਹਨਾਂ ਸੰਗੀਤਕਾਰਾਂ ਦੀ ਨਿੰਦਿਆ ਨਹੀਂ ਸਗੋਂ ਹੋਂਵਦੇ-ਵਰਤਦੇ ਟੀਚੇ ਬਾਰੇ ਦੱਸਣ ਏ। ਗਾਣੇ ਦੇ ਅੰਗ ਵੇਲੇ ਨਾਲ ਜ਼ਰੂਰ ਵਟਣੇ ਚਾਹੀਦੇ ਨੇਂ। ਜੇ ਕੋਈ ਅੰਗ ਆਪਣੇ ਸੁਣਨ ਵਾਲਿਆਂ ਦੀਆਂ ਲੋੜਾਂ ਨਾਲ ਰਲਕੇ ਨਹੀਂ ਟੁਰਦਾ ਤਾਂ ਓਹ ਪੁਰਾਣਾ ਤੇ ਮਰਨ-ਹਾਕਾ ਹੋ ਜਾਂਦਾ ਏ। ਪਿਛਲੇ ਵੇਲਿਆਂ ਵਿਚ ਸੁਣਨ ਵਾਲੇ ਥੋੜੇ, ਪਰ ਪਾਰਖ ਲੋਕ ਹੋਂਦੇ ਸਨ, ਜੇਹਨਾਂ ਕਲਾਕਾਰ ਦੀ ਕਲਾ ਦਾ ਹੱਦ-ਬੰਨਾ ਵਿਚਾਰਨਾ! ਜਗਤ-ਲਾਮ (ਵਿਸ਼ਵ ਯੁੱਧ) ਤੋਂ ਲਾ ਮੁਲਖੀ ਅਜ਼ਾਦੀ ਦੇ ਦਹਾਕਿਆਂ ਤਾਈਂ ਸੁਣਨ ਵਾਲਿਆਂ ਦੀ ਗਿਣਤੀ ਵਧੀ ਤੇ ਕਲਾਕਾਰਾਂ ਨੂੰ ਸਮਝ ਆਈ ਓਹਨਾਂ ਵੰਨ-ਵੰਨ ਦੇ ਲੋਕਾਂ ਨੂੰ ਪਰਚਾਣਾ ਏ। ਪੌਂਦ ਖ਼ਿਆਲ ਫੇਰ ਠੁਮਰੀ ਤੇ ਗਾਇਨ ਦੀ ਅੱਧੀ ਛੁੱਟੀਓਂ ਪਹਿਲਾਂ ਨਟਯ ਸੰਗੀਤ ਹੋਣਾ। ਮੁੜ ਏਹੋ ਖ਼ਿਆਲ, ਠੁਮਰੀ, ਨਟਯ ਸੰਗੀਤ ਯਾਂ ਭਜਨ ਹੋਣਾ ਤੇ ਛੇਕੜ ਉੱਤੇ ਭੈਰਵੀਂ। ਏਹ ਸੱਚਾ (ਸਾਂਚਾ, ਠੱਪਾ) ਬਣ ਗਿਆ ਹੋਇਆ ਸੀ। ਪਿੜ ਵਿਚ ਗਾਵਣ ਦਾ। ਮੁਗੋ ਬਾਈ ਏਸ ਸੱਚੇ ਵਿਚ ਢਲਣੋ ਨਾਂਹ ਕਰ ਦਿੱਤੀ ਤੇ ਇਕ ਪਾਸੇ ਵੱਖਰੇ ਹੋ ਰਹੇ।

ਉਹ ਸਾਡੀ ਸੰਗੀਤ ਵਾਰ ਦੇ ਦੋ ਸੌ ਵਰ੍ਹਿਆਂ ਤੋਂ ਟੁਰੇ ਆਉਂਦੇ ਠੁੱਕ (ਪਹਿਲੋਂ ਤੁਰੀ ਆਉਂਦੀ ਗੀਤ ਅਨੁਸਾਰ, ਮਰਯਾਦਾ) ਉੱਤੇ ਪੱਕੇ ਰਹੇ। ਏਹ ਅਣਲਿਖਿਆ ਠੁੱਕ ਸੀ ਧੁਰਪਦੀਆ ਧੁਰਪਦ ਈ ਗਾਵੇ, ਖਿਆਲੀਆ ਆਪਣੇ ਖ਼ਿਆਲ ਉੱਤੇ ਈ ਸਾਰਾ ਧਿਆਨ ਲਾਵੇ ਤੇ ਠੁਮਰੀ ਗਾਵਣ ਵਾਲੇ ਨੂੰ ਠੁਮਰੀ ਬਿਨਾ ਕੁਝ ਨਹੀਂ ਆਉਣਾ ਚਾਹੀਦਾ। ਏਹ ਜ਼ਮਾਨਾ ਸਾਡੇ ਸੰਗੀਤ ਦਾ ਰੌਸ਼ਨ ਜ਼ਮਾਨਾ ਸੀ। ਹਰ ਗਾਇਕ ਉਸੇ ਕੰਮ ਨੂੰ ਧਿਆਨ ਦੇਂਦਾ, ਜੇਹੜਾ ਓਹਨੇ ਚੁਣਿਆ ਹੋਂਦਾ। ਏਸ ਸਮੇਂ ਦੀ ਪਰਤਾਰ ਅਜ ਅਸਾਂ ਸੁਣਨੀ ਹੋਵੇ ਤਾਂ ਸਾਨੂੰ ਨਿਰੀ ਮੁਗੋ ਬਾਈ ਦੇ ਸੰਗੀਤ ਵਿਚੋਂ ਈ ਸੁਣਸੀ। ਮੁਗੋ ਬਾਈ ਨੇ ਕਦੀਂ ਠੁਮਰੀ ਨਹੀਂ ਗੰਵੀ। ਓਹਨਾਂ ਖ਼ਿਆਲ ਫੜਿਆ ਏ ਤੇ ਸਾਰੀ ਜ਼ਿੰਦਗੀ ਖ਼ਿਆਲ ਈ ਗੰਵਿਆ ਏ। ਵੇਲੇ ਨਾਲ ਰੰਗ ਵਟਾਵਣ ਦੇ ਮੋਹ ਨੂੰ ਓਹਨਾਂ ਠੱਲ ਕੇ ਰੱਖਿਆ ਏ। ਨਾਮ ਨਾਮਣਾ ਤੇ ਨਾਵਾਂ ਤੇ ਫੇਰ ਵਾਰਨਾ ਈ ਪੈਣਾ ਸੀ, ਸੋ ਓਹਨਾਂ ਵਾਰਿਆ ਤੇ ਇਕੋ ਵਾਟ ਪੱਕੇ-ਪੈਰੀਂ ਟੁਰਦੇ ਰਹੇ। ਏਹ ਵਾਟ ਸੀ ਇਲਮ ਦੀ, ਸਿੱਖਿਆ ਦੀ। ਹੋਰ ਸਿੱਖਿਆ, ਹੋਰ ਸਿੱਖਿਆ ਤੇ ਫੇਰ ਹੋਰ ਸਿੱਖਿਆ। ਅਣਗਿਣਤ ਔਕੜਾਂ ਆਈਆਂ, ਜ਼ਿਹਨੀ ਜਿਸਮੀ ਦੋਵੇਂ, ਪਰ ਓਹਨਾਂ ਇਲਮ ਦੀ ਢੂੰਡ ਨਾ ਛੱਡੀ ਤੇ ਓੜਕ ਚਿਰਾਂ ਪਿਛੋਂ ਓਹਨਾਂ ਨੂੰ ਏਸ ਭਗਤੀ ਦਾ ਫ਼ਲ ਢੀ (ਮਿਲਣਾ) ਪਿਆ।

ਮੁਗੋ ਬਾਈ ਸੰਗੀਤ ਸੰਸਾਰ ਵਿਚ ਆਦਰ ਮਾਣ ਤਾਂ ਢੇਰ ਖੱਟਿਆ ਪਰ ਚਾਲੂ ਮਸ਼ਹੂਰੀ ਤੋਂ ਦੂਰ ਰਹੇ। ਓਹਨਾਂ ਉਚੇਚ ਕਰਨ ਵਾਲਿਆਂ ਲਈ ਈ ਗਾਉਣਾ। ਉਹ ਪਿੜ ਵਿਚ ਖ਼ਿਆਲ, ਠੁਮਰੀ ਤੇ ਨਟਯ ਸੰਗੀਤ ਵਾਲੇ ਟੀਚੇ ਨੂੰ ਪੂਰਾ ਨਹੀਂ ਸਨ ਕਰ ਸਕਦੇ। ਮੁਗੋ ਬਾਈ ਪਹਿਲੇ ਕਲਾਕਾਰ ਨੇਂ, ਜੇਹਨਾਂ ਵੇਲੇ ਦੇ ਫੋਕੇ ਵਟਾਅ ਨੂੰ ਮੰਨਣੋ ਨਾਂਹ ਕੀਤੀ ਤੇ ਆਪਣੀ ਕਸਬ ਕਲਾ ਸੁਧ ਪੈਰਾਂ ਪਰਨੇ ਰੱਖੀ। ਤੁਹਾਨੂੰ ਪਤਾ ਈ ਏ ਇੰਜ ਦੇ ਫ਼ਕੀਰ ਵੀ ਹੋਏ ਨੇਂ, ਜੇਹਨਾਂ ਜੰਨਤ ਲੈਣੋ ਨਾਂਹ ਕਰ ਛੱਡੀ ਪਰ ਯਾਰ ਦੀ ਭਾਲਣ ਦਾ ਸਵਾਦ ਨਾ ਵੰਜਾਇਆ। ਮੁਗੋ ਬਾਈ ਹੋਰਾਂ ਦੇ ਗਾਣੇ ਵਿਚ ਏਹੋ ਫ਼ਕੀਰੀ ਸਿਰੜ ਵਖਾਲੀ ਦੇਂਦਾ ਏ। ਘੱਟ ਤੋਂ ਘੱਟ ਸੁਰਾਂ ਨਾਲ ਸੁਰ ਜਗਤ ਦੀ ਉਸਾਰੀ ਸਿਖਰ ਹੋਂਈ ਏ। ਜਦੋਂ ਕੱਲਾ ਸੁਰ ਮਨ ਚਾਹਿਆ ਸਿੱਟਾ ਦੇ ਦੇਂਦਾ ਏ, ਨਿਸ਼ਾਹ ਲਾਹ ਦੇਂਦਾ ਏ ਤਾਂ ਦੂਜੇ ਨੂੰ ਕੀ ਸਹੇੜਣਾ? ਫੇਰ ਏਹਦੇ ਵਿਚ ਈ ਡੂੰਘਾ ਲੱਖਿਆ ਜਾਵੇ ਹਾਂ, ਦੂਜਿਆਂ ਪਿੱਛੇ ਭੱਜਣ ਨਾਲੋਂ? ਸੁਲੇਖ ਕਾਰ ਥੋੜੇ ਲਫ਼ਜ਼ਾਂ ਵਿਚ ਰੰਗ ਮਚਾਉਂਦੇ ਨੇਂ ਤਾਂ ਸੰਗੀਤ ਵਿਚ ਵੀ ਤਾਂ ਥੋੜੇ ਸੁਰਾਂ ਥੀਂ ਚੋਖਾ ਕੰਮ ਲਿਆ ਜਾ ਸਕਦਾ ਏ। ਮੁਗੋ ਬਾਈ ਨੇ ਏਸੇ ਚੱਜ ਦੀ ਵਰਤੋਂ ਨਾਲ ਆਪਣੇ ਗਾਣੇ ਦੀ ਪੱਧਰ ਉੱਚੀ ਕੀਤੀ ਏ। ਨਾ ਸੁਰਾਂ ਦੀ ਲੋਟੀ (ਲੁੱਟ) ਪਾਉਂਦੇ ਨੇਂ ਤੇ ਨਾ ਸੁਰਾਂ ਨੂੰ ਅਜਾਇਆਂ ਕਰਦੇ ਨੇਂ। ਓਹ ਸਰਫ਼ੇ ਨਾਲ ਸੁਰ ਲਿਆਂਦੇ ਨੇਂ ਤੇ ਪਹਿਲਾਂ ਤੋਂ ਧਾਰੀ ਸ਼ਕਲ ਵਿਚ ਆਂਦੇ ਟੁਰੇ ਜਾਂਦੇ ਨੇਂ। ਸੁਰਾਂ ਦੇ ਤਾਣੇ-ਪੇਟੇ ਨੂੰ ਲੈ ਕੇ ਹਲਕੋਰਿਆਂ ਨਾਲ ਇਕ ਤੋਲ ਕਰਦੇ। ਮੁਗੋ ਬਾਈ ਨੂੰ ਸੁਰ ਪਰੋਵਣ, ਵਿਥਾਂ ਰੱਖਣ, ਲਮਕਾਵਣ ਯਾਂ ਠੱਲਣ ਦੀ ਭਰਵੀਂ ਜਾਚ ਏ। ਓਹਨਾਂ ਦੀ ਫਿਰਤ ਬੜੀ ਬਰੀਕੀ ਨਾਲ ਵੰਨੋ-ਵੰਨ ਹੋਂਦੀ ਏ, ਹਰ ਫਿਰਤ ਵਿਚਲੀ ਸ਼ਕਲ ਪਿਛਲੀ ਨਾਲੋਂ ਕੁਝ ਲਮੇਰੀ ਪਰ ਫੇਰ ਵੀ ਇੰਜ ਥਾਂ-ਸਿਰ ਕੀਤੀ ਹੋਂਦੀ ਏ ਪਈ ਸੁਣੇਰ ਹੱਕਾ-ਬੱਕਾ ਰਹਿ ਜਾਂਦਾ ਏ।

ਮੁਗੋ ਬਾਈਂ ਵਿਚ ਜੈਪੁਰ ਗਾਇਕੀ ਦੇ ਉਚੇਚੇ ਗੁਣ ਨੇਂ। ਜੇਹੜੇ ਢੰਗ ਨਾਲ ਏਹ ਘਰਾਣਾ ਕਿਸੇ ਸ਼ੈ ਯਾਂ ਬੰਦਸ਼ ਨੂੰ ਖੋਲ੍ਹਦਾ ਏ, ਬਹੂੰ ਸਮਝਣ ਵਾਲਾ ਏ। ਸਾਨੂੰ ਪਤਾ ਏ ਬਹੂੰ ਸਾਰੇ ਸੰਗੀਤਕਾਰ ਸੋਹਣੇ ਢੰਗ ਨਾਲ ਬੰਦਸ਼ਾਂ ਵਰਤਾਉਂਦੇ ਨੇਂ ਪਰ ਉਹ ਬੰਦਸ਼ ਵਿਚ ਪੂਰਾ ਲੱਥਦੇ ਨਹੀਂ। ਜੇਹੜਾ ਕਸਬੀ ਬੰਦਸ਼ ਨੂੰ ਬੰਦਸ਼ ਵਾਕਣ ਨਾ ਗੰਵੇਂ ਓਹ ਸੰਗੀਤ ਭੇਤ ਦਾ ਕਾਹਦਾ ਜਾਣੂ? ਏਹਦਾ ਨਿਚੋੜ ਤਾਂ ਏਹੋ ਏ ਸੁਣਨ ਵਾਲਾ ਆਪ ਮੁਹਾਰਾ ਈ ਪਹਿਲੇ ਸਮ ਉੱਤੇ ਹੁੰਗਾਰਾ ਦੇਵੇ। ਸੁਰਾਂ ਤੇ ਸੁਰਾਂ ਦੀ ਮੂਰਤ ਨੂੰ ਖਰਾ ਉਲੀਕਣ, ਲਫ਼ਜਾਂ ਨੂੰ ਬੜੇ ਧਿਆਨ ਨਾਲ ਚਿਣਨ ਸੁਰ ਬੋਲ ਵਿਚ ਥਾਉਂ ਥਾਂ ਕਰਨ, ਟੁਰਦੀ ਲੈ ਵਿਚ ਚੀਜ਼ ਦੇ ਹਰ ਅੰਗ ਨੂੰ ਵੇਲੇ ਸਿਰ ਲਿਆਵਣ, ਬਾਅਜ਼ੇ ਵੇਲੇ ਮਾਤਰੇ ਸਿਰ ਤੇ ਬਾਅਜ਼ੇ ਵੇਲੇ ਅੱਗੇ-ਪਿੱਛੇ ਕਰਕੇ। ਹਰ ਸੁਰ ਦੀ ਵੰਨੋ-ਵੰਨ ਮਧੁਰਤਾ, ਚੀਜ਼ ਦਾ ਇਕ-ਇਕ ਅੱਖਰ ਤੇ ਲੈ ਦਾ ਇਕ-ਇਕ ਮਾਤਰਾ, ਏਹਨਾਂ ਦੇ ਵਖ-ਵਖ ਤਣ, ਏਹਨਾਂ ਸਭਨਾਂ ਦਾ ਆਂਦਾ ਹੋਇਆ ਤਣਾਅ ਤੇ ਫੇਰ ਸਮ ਉੱਤੇ ਆ ਕੇ ਸੁਖਾਵਾਂ ਹੋ ਨਿਬੜਨ ਏਹ ਹੈ ਢੰਗ ਕੋਈ ਬੰਦਸ਼ ਸੁਧ ਵਰਤਾਵਣ ਦਾ। ਬਹੁਤੇ ਸੰਗੀਤਕਾਰ ਕਿਸੇ ਨਾ ਕਿਸੇ ਹੱਦ ਤਾਈਂ ਏਹਦੇ ਜਾਣੂ ਜ਼ਰੂਰ ਨੇਂ ਪਰ ਮੁਗੋ ਬਾਈ ਦੇ ਸੰਗੀਤ ਵਿਚ ਏਹ ਗੁਣ ਨਿਰੋਲ ਮਾਣਿਆ ਜਾ ਸਕਦਾ ਏ। ਦੂਜੇ ਸੰਗੀਤਕਾਰਾਂ ਵਿਚ ਇਹ ਗੱਲ ਮੱਧ ਲੈ ਤੇ ਦੁਰਤ ਲੈ ਦੀਆਂ ਸ਼ੈਵਾਂ ਵਿਚ ਆਉਂਦੀ ਏ। ਪਰ ਮੁਗੋ ਬਾਈ ਦਾ ਵਲੰਬਤ ਲੈ ਵਿਚ ਏਹ ਸਾਰਾ ਕੁਝ ਕਰ ਵਖਾਵਣ ਅਸਲੋਂ ਅਲੋਕਾਰ ਏ।

ਲੈ ਕਾਰੀ ਤੇ ਬੋਲ ਤਨ ਮੁਗੋ ਬਾਈ ਦੀ ਗਾਇਕੀ ਦੀਆਂ ਵੱਡੀਆਂ ਸੈਵਾਂ ਨੇਂ। ਤਾਲ ਓਹਨਾਂ ਦੀ ਗਾਇਕੀ ਦੀ ਖੁਰਾਕ ਏ। ਸੁਰ ਤੇ ਲੈ ਦੀ ਪੇਚਦਾਰੀ ਇਕ-ਮਿੱਕ ਹੋਈ ਹੋਂਦੀ ਏ। ਅਲਾਪੀ ਵਿਚ ਏਹ ਕੰਮ ਉਘੜਵਾਂ ਵਖਾਲੀ ਦੇਂਦਾ ਏ, ਜਦੋਂ ਓਹ ਘੱਟ ਜਾਣੇ-ਪਛਾਣੇ ਰਾਗਾਂ ਨੂੰ ਖੋਲ੍ਹਦੇ ਨੇਂ। ਹੋਰ ਤੇ ਹੋਰ ਏਹ ਤਾਨਾਂ ਤੇ ਬੋਲ ਤਾਨਾਂ ਦੇ ਤਾਣੇ-ਪੇਟੇ ਵਿਚ ਵੀ ਓਹਲੇ ਨਹੀਂ ਹੋਂਦਾ। ਤਾਲ ਨਾਲ ਪੇਚਦਾਰ ਸਾਂਗਾ (ਸੰਬੰਧ, ਰਿਸ਼ਤਾ) ਓਹਨਾਂ ਦੀ ਗਾਇਕੀ ਦੀ ਵੱਡੀ ਨਿਸ਼ਾਨੀ ਏ। ਫੇਰ ਉਹ ਜੀਵੇਂ ਸੁਰਾਂ ਨੂੰ ਪਲੋਸਦੇ ਤੇ ਵਿਚ ਨਾਟਕੀ ਛੋਹ ਭਰਦੇ ਨੇਂ, ਓਹਨਾਂ ਦੇ ਸੰਗੀਤ ਨੂੰ ਹੋਰ ਵੀ ਚਾਰ ਚੰਨ ਲੱਗ ਜਾਂਦੇ ਨੇਂ। ਓਹਨਾਂ ਆਪਣਾ ਬਾਲਪਨ ਸਟੇਜ ਉੱਤੇ ਲੰਘਾਇਆ, ਚਿਨਤੋਬ ਗੁਰੂ ਨੇ ਓਹਨਾਂ ਦੀ ਸਿਖਲਾਈ ਕੀਤੀ। ਦੱਸਣ ਵਾਲੇ ਦੱਸਦੇ ਨੇਂ ਓਹਨਾਂ ਸੁਭੱਦਰਾ ਤੇ ਕੈਕੇਈ ਦੇ ਸਾਂਗ ਬੜੇ ਵਧੀਆ ਭਰੇ ਸਨ। ਏਸ ਜ਼ਮਾਨੇ ਵਿਚ ਈ ਮੁਗੋ ਬਾਈ ਨੇ ਨਰਿਤ ਦੇ ਮਹਾ ਉਸਤਾਦਾਂ ਤੋਂ ਨਾਚ ਵੀ ਸਿੱਖਿਆ। ਰਾਮ ਲਾਲ ਕਥਕ ਵੀ ਓਹਨਾਂ ਦੇ ਉਸਤਾਦ ਸਨ। ਅੱਜ ਵੀ ਓਹਨਾਂ ਦਾ ਵਜੂਦ ਤੇ ਟੋਰ ਏਸ ਸਿਖਲਾਈ ਦੀ ਸ਼ਾਹਦੀ ਦੇਂਦੇ ਨੇਂ। ਮਗਰੋਂ ਓਹਨਾਂ ਸਟੇਜ ਛੱਡ ਦਿੱਤਾ ਤੇ ਪੱਕੇ ਗਾਣੇ ਵਲ ਆ ਗਏ। ਓਦੋਂ ਤੋਂ ਲੈ ਕੇ ਹੁਣ ਤਾਈਂ ਓਹਨਾ